HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 28.05.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | May-2024 | Published in Punjab | Pages 8

## ਇੰਡੀਗੋ ਦੀ ਫਲਾਈਟ 'ਚ ਬੰਬ ਦੀ ਧਮਕੀ ਨਾਲ ਮਚੀ ਹਫੜਾ-ਦਫੜੀ, ਜਹਾਜ਼ ਦੀ ਖਿੜਕੀ 'ਚੋਂ ਛਾਲਾਂ ਮਾਰਨ ਲੱਗੇ ਯਾਤਰੀ

ਦਿੱਲੀ ਸਥਿਤ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਮੰਗਲਵਾਰ ਯਾਨੀ ਕਿ ਅੱਜ ਵਾਰਾਣਸੀ ਲਈ ਉਡਾਣ ਭਰਨ ਵਾਲੇ 'ਇੰਡੀਗੋ' ਦੇ ਇਕ ਜਹਾਜ਼ 'ਚ ਬੰਬ ਹੋਣ ਦੀ ਧਮਕੀ ਮਗਰੋਂ ਯਾਤਰੀਆਂ 'ਚ ਹਫੜਾ-ਦਫੜੀ ਮਚ ਗਈ। ਹਵਾਈ ਅੱਡੇ ਦੇ ਅਧਿਕਾਰੀ ਨੇ ਦੱਸਿਆ ਕਿ ਏਵੀਏਸ਼ਨ ਸਕਿਓਰਿਟੀ, ਡੌਗ ਸਕਵਾਇਡ ਅਤੇ ਬੰਬ ਰੋਕੂ ਦਸਤੇ ਦੀ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਜਹਾਜ਼ ਦਾ ਬਾਰੀਕੀ ਨਾਲ ਨਿਰੀਖਣ ਕੀਤੀ ਗਿਆ। ਬੰਬ ਦੀ ਧਮਕੀ ਮਿਲਣ ਮਗਰੋਂ ਇੰਡੀਗੋ ਕਰੂ ਨੇ ਅਲਰਟ ਜਾਰੀ ਕਰ ਕੇ ਯਾਤਰੀਆਂ ਨੂੰ ਜਹਾਜ਼ ਤੋਂ ਹੇਠਾਂ ਉਤਰਨ ਦੀ ਬੇਨਤੀ ਕੀਤੀ। ਜਿਸ ਤੋਂ ਬਾਅਦ ਕੁਝ ਯਾਤਰੀ ਐਮਰਜੈਂਸੀ ਗੇਟ ਤੋਂ ਤਾਂ ਕੁਝ ਫਲਾਈਟ ਦੇ ਮੇਨ ਗੇਟ ਤੋਂ ਹੇਠਾਂ ਛਾਲਾਂ ਮਾਰਨ ਲੱਗੇ। ਯਾਤਰੀਆਂ ਨੂੰ ਤੁਰੰਤ ਬਾਹਰ ਕੱਢਿਆ ਗਿਆ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਅਜੇ ਤੱਕ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਜਦੋਂ ਇੰਡੀਗੋ ਦੀ ਉਡਾਣ ਨੰਬਰ-6E2211 ਨੂੰ ਰਵਾਨਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ ਤਾਂ ਇਕ ਪਖ਼ਾਨੇ ਵਿਚ ਕਾਗਜ਼ ਦਾ ਇਕ ਟੁੱਕੜਾ ਮਿਲਿਆ, ਜਿਸ 'ਤੇ ਜਹਾਜ਼ ਵਿਚ ਬੰਬ ਹੋਣ ਦੀ ਧਮਕੀ ਸੀ। ਜਹਾਜ਼ ਚਾਲਕ ਨੇ ਪਖ਼ਾਨੇ ਵਿਚ ਕਾਗਜ਼ ਦਾ ਟੁੱਕੜਾ ਵੇਖਿਆ, ਜਿਸ 'ਤੇ ਲਿਖਿਆ ਸੀ ਕਿ 30 ਮਿੰਟ 'ਚ ਬੰਬ ਧਮਾਕਾ, ਜਿਸ ਤੋਂ ਬਾਅਦ ਉਸ ਨੇ ਕੰਟਰੋਲ ਰੂਮ ਨੂੰ ਇਸ ਬਾਬਤ ਸੂਚਿਤ ਕੀਤਾ।




ਸੂਤਰਾਂ ਨੇ ਦੱਸਿਆ ਕਿ ਜਹਾਜ਼ ਵਿਚ ਕੁੱਲ 176 ਯਾਤਰੀ ਸਵਾਰ ਸਨ, ਜਿਨ੍ਹਾਂ ਨੂੰ ਉਤਾਰ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਨੂੰ ਇਕ ਹਵਾਈ ਅੱਡੇ ਦੇ ਇਕ ਖਾਲੀ ਹਿੱਸੇ ਵਿਚ ਲਿਜਾਇਆ ਗਿਆ ਅਤੇ ਸੁਰੱਖਿਆ ਏਜੰਸੀਆਂ ਦੇ ਕਰਮੀਆਂ ਨੇ ਤਲਾਸ਼ੀ ਮੁਹਿੰਮ ਚਲਾਈ। ਇੰਡੀਗੋ ਨੇ ਕਿਹਾ ਕਿ ਫਿਲਹਾਲ ਫਲਾਈਟ ਦੀ ਜਾਂਚ ਕੀਤੀ ਜਾ ਰਹੀ ਹੈ। ਸਾਰੀਆਂ ਸੁਰੱਖਿਆ ਜਾਂਚਾਂ ਪੂਰੀਆਂ ਹੋਣ ਤੋਂ ਬਾਅਦ, ਜਹਾਜ਼ ਨੂੰ ਟਰਮੀਨਲ ਖੇਤਰ ਵਿਚ ਵਾਪਸ ਲਿਆਂਦਾ ਜਾਵੇਗਾ

## ਰਾਮ ਰਹੀਮ ਕਤਲ ਕੇਸ 'ਚ ਬਰੀ, ਹਾਈ ਕੋਰਟ ਨੇ ਪਲਟਿਆ CBI ਕੋਰਟ ਦਾ ਫ਼ੈਸਲਾ



ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਮੁਖੀ ਅਤੇ ਚਾਰ ਹੋਰ ਨੂੰ ਕਤਲ ਮਾਮਲੇ 'ਚ ਬਰੀ ਕਰ ਦਿੱਤਾ ਹੈ। ਰਣਜੀਤ ਸਿੰਘ ਕਤਲ ਮਾਮਲੇ 'ਚ 5 ਦੋਸ਼ੀਆਂ ਨੂੰ ਬਰੀ ਕੀਤਾ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੀ.ਬੀ.ਆਈ. ਕੋਰਟ ਦੇ ਫ਼ੈਸਲੇ ਨੂੰ ਰੱਦ ਕਰਦੇ ਹੋਏ ਇਹ ਫ਼ੈਸਲਾ ਸੁਣਾਇਆ ਹੈ। ਦਰਅਸਲ ਰਾਮ ਰਹੀਮ ਨੇ ਸੀ.ਬੀ.ਆਈ. ਕੋਰਟ ਦੇ ਫ਼ੈਸਲੇ ਖ਼ਿਲਾਫ਼ ਹਾਈ ਕੋਰਟ 'ਚ ਅਪੀਲ ਕੀਤੀ ਸੀ। ਸੀ.ਬੀ.ਆਈ. ਨੇ ਰਣਜੀਤ ਸਿੰਘ ਕਤਲਕਾਂਡ 'ਚ 2021 'ਚ ਡੇਰਾ ਮੁਖੀ ਰਾਮ ਰਹੀਮ ਸਮੇਤ 5 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਸਾਲ 2002 'ਚ ਡੇਰਾ ਦ ਪ੍ਰਬੰਧਨ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਡੇਰਾ ਪ੍ਰਬੰਧਨ ਨੂੰ ਸ਼ੱਕ ਸੀ ਕਿ ਰਣਜੀਤ ਸਿੰਘ ਨੇ ਸਾਧਵੀ ਜਿਨਸੀ ਸ਼ੋਸ਼ਣ ਦੀ ਗੁੰਮਨਾਮ ਚਿੱਠੀ ਆਪਣੀ ਭੈਣ ਤੋਂ ਲਿਖਵਾਈ ਸੀ। ਪੁਲਸ ਜਾਂਚ ਤੋਂ ਅਸੰਤੁਸ਼ਟ ਰਣਜੀਤ ਸਿੰਘ ਦੇ ਪੁੱਤ ਨੇ 2003 'ਚ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰ ਕੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਸੀ। ਇਸ ਤੋਂ ਬਾਅਦ ਮਾਮਲਾ ਸੀ.ਬੀ.ਆਈ. ਨੂੰ ਸੌਂਪਿਆ ਗਿਆ ਅਤੇ 2021 'ਚ ਰਾਮ ਰਹੀਮ ਸਮੇਤ 5 ਆਰੋਪੀਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਇਸ ਮਾਮਲੇ 'ਚ 2007 'ਚ ਕੋਰਟ ਨੇ ਦੋਸ਼ੀਆਂ 'ਤੇ ਦੋਸ਼ ਤੈਅ ਕੀਤੇ ਸਨ। ਦੱਸਣਯੋਗ ਹੈ ਕਿ ਗੁਰਮੀਤ ਰਾਮ ਰਹੀਮ ਆਪਣੀਆਂ ਸਾਧਵੀਆਂ ਨਾਲ ਜਬਰ ਜ਼ਿਨਾਹ ਦੇ ਦੋਸ਼ 'ਚ 20 ਸਾਲ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ। 2021 'ਚ ਡੇਰਾ ਮੁਖੀ ਨੂੰ ਚਾਰ ਹੋਰ ਲੋਕਾਂ ਨਾਲ, ਡੇਰਾ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਦੀ ਸਾਜਿਸ਼ ਰਚਣ ਲਈ ਵੀ ਦੋਸ਼ੀ ਠਹਿਰਾਇਆ ਗਿਆ ਸੀ।

## ਦੂਰਸੰਚਾਰ ਕੰਪਨੀਆਂ ਨੂੰ ਸਪੈਕਟਰਮ ਚਾਰਜ ਦੀਆਂ ਕਿਸ਼ਤਾਂ ਸਮੇਤ GST ਦਾ ਭੁਗਤਾਨ ਕਰਨਾ ਹੋਵੇਗਾ

ਸਪੈਕਟ੍ਰਮ ਚਾਰਜ ਅਦਾ ਕਰਨ ਦੇ ਨਾਲ-ਨਾਲ ਦੂਰਸੰਚਾਰ ਕੰਪਨੀਆਂ ਨੂੰ ਗੁਡਸ ਐਂਡ ਸਰਵਿਸਿਜ਼ ਟੈਕਸ (ਜੀ.ਐੱਸ.ਟੀ.) ਦਾ ਭੁਗਤਾਨ ਵੀ ਕਰਨਾ ਹੋਵੇਗਾ। ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।ਦੂਰਸੰਚਾਰ ਵਿਭਾਗ (ਡੀ. ਓ. ਟੀ.) 6 ਜੂਨ ਨੂੰ ਮੋਬਾਈਲ ਫੋਨ ਸੇਵਾਵਾਂ ਲਈ ਅੱਠ ਸਪੈਕਟ੍ਰਮ ਬੈਂਡਾਂ ਲਈ ਸਪੈਕਟਰਮ ਨਿਲਾਮੀ ਦੇ ਅਗਲੇ ਦੌਰ ਦਾ ਆਯੋਜਨ ਕਰੇਗਾ। ਨਿਲਾਮੀ ਲਈ ਆਧਾਰ ਕੀਮਤ 96,317 ਕਰੋੜ ਰੁਪਏ ਰੱਖੀ ਗਈ ਹੈ। ਸਪੈਕਟ੍ਰਮ 20 ਸਾਲਾਂ ਲਈ ਅਲਾਟ ਕੀਤਾ ਜਾਵੇਗਾ ਅਤੇ ਸਫਲ ਬੋਲੀਕਾਰਾਂ ਨੂੰ ਆਗਾਮੀ 'MAGA' ਨਿਲਾਮੀ 'ਚ 20 ਬਰਾਬਰ ਸਾਲਾਨਾ ਕਿਸ਼ਤਾਂ 'ਚ ਭੁਗਤਾਨ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਅਧਿਕਾਰੀ ਨੇ ਕਿਹਾ ਕਿ ਦੂਰਸੰਚਾਰ ਕੰਪਨੀਆਂ ਨੂੰ ਹਰ ਕਿਸ਼ਤ ਦੇ ਨਾਲ 18 ਫੀਸਦੀ ਜੀਐਸਟੀ ਅਦਾ ਕਰਨਾ ਹੋਵੇਗਾ। ਦਾ ਭੁਗਤਾਨ ਕਰਨਾ ਹੋਵੇਗਾ।



# ਭਾਜਪਾ ਦੇ ਕੁਸ਼ਾਸਨ ਤੋਂ ਲੋਕ ਪ੍ਰੇਸ਼ਾਨ, ਪ੍ਰਧਾਨ ਮੰਤਰੀ ਮੋਦੀ ਦੇ ਵਾਅਦੇ ਝੂਠੇ ਸਾਬਤ ਹੋਏ



ਆਲ ਇੰਡੀਆ ਮਹਿਲਾ ਕਾਂਗਰਸ ਦੇ ਸੋਸ਼ਲ ਮੀਡੀਆ ਵਿਭਾਗ ਦੀ ਇੰਚਾਰਜ ਅਤੇ ਪੰਜਾਬ ਆਬਜ਼ਰਵਰ ਨਤਾਸ਼ਾ ਸ਼ਰਮਾ ਨੇ ਅੱਜ ਜਲੰਧਰ ਲੋਕ ਸਭਾ ਹਲਕੇ ਅਧੀਨ ਪੈਂਦੇ ਕਰਤਾਰਪੁਰ ਵਿਖੇ ਮੀਟਿੰਗਾਂ ਵਿਚ ਸ਼ਿਰਕਤ ਕੀਤੀ ਅਤੇ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ। ਕਰਤਾਰਪੁਰ ਸਥਿਤ ਜ਼ਿਲਾ ਕਾਂਗਰਸ ਦਫਤਰ ਵਿਚ ਹੋਈ ਮੀਟਿੰਗ ਵਿਚ ਹਲਕਾ ਇੰਚਾਰਜ ਰਜਿੰਦਰ ਸਿੰਘ, ਮਹਿਲਾ ਕਾਂਗਰਸ ਦੀ ਰਾਸ਼ਟਰੀ ਕੋਆਰਡੀਨੇਟਰ ਡਾ. ਜਸਲੀਨ ਸੇਠੀ ਅਤੇ ਜ਼ਿਲਾ ਮਹਿਲਾ ਕਾਂਗਰਸ ਦਿਹਾਤੀ ਦੀ ਪ੍ਰਧਾਨ ਰੇਣੂ ਸੇਠ ਵੀ ਇਸ ਮੌਕੇ ਮੌਜੂਦ ਸਨ। ਨਤਾਸ਼ਾ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਲੋਕ ਭਾਜਪਾ ਦੇ ਕੁਸ਼ਾਸਨ ਤੋਂ ਪ੍ਰੇਸ਼ਾਨ ਹਨ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੇ ਸਾਰੇ ਵਾਅਦੇ ਝੂਠੇ ਸਾਬਤ ਹੋਏ ਹਨ। ਅੱਜ ਲੋਕ ਮਹਿੰਗਾਈ ਅਤੇ ਬੇਰੋਜ਼ਗਾਰੀ ਕਾਰਨ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਔਰਤਾਂ ਸੁਰੱਖਿਅਤ ਨਹੀਂ ਹਨ। ਨਤਾਸ਼ਾ ਨੇ ਕਿਹਾ ਕਿ ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਅਨੇਕ ਲੋਕ-ਪੱਖੀ ਵਿਕਾਸ ਕਾਰਜ ਕਰਵਾ ਕੇ ਸਮਾਜ ਦੇ ਹਰ ਵਰਗ ਦਾ ਧਿਆਨ ਰੱਖਿਆ। ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੇ ਮਹਿਜ਼ 3 ਮਹੀਨਿਆਂ ਵਿਚ ਕੀਤੇ ਕੰਮਾਂ ਨੂੰ ਦੇਖਦਿਆਂ ਜਲੰਧਰ ਦੇ ਲੋਕ ਸ. ਚੰਨੀ ਨੂੰ ਲੋਕ ਸਭਾ ਵਿਚ ਭੇਜਣ ਲਈ ਉਤਾਵਲੇ ਹਨ।

# ਹਿਮਾਚਲ 'ਚ 2 ਦਿਨ ਲਈ ਹੀਟ-ਵੇਵ ਦਾ ਅਲਰਟ, ਵੋਟਾਂ ਵਾਲੇ ਦਿਨ ਮੀਂਹ ਪੈਣ ਦੀ ਸੰਭਾਵਨਾ

ਹਿਮਾਚਲ ਪ੍ਰਦੇਸ਼ 'ਚ ਅੱਜ ਵੀ ਕਹਿਰ ਦੀ ਗਰਮੀ ਦਾ ਕਹਿਰ ਜਾਰੀ ਰਹੇਗਾ। ਮੌਸਮ ਵਿਭਾਗ (IMD) ਨੇ ਮੰਗਲਵਾਰ ਅਤੇ ਬੁੱਧਵਾਰ ਨੂੰ ਛੇ ਜ਼ਿਲ੍ਹਿਆਂ ਵਿੱਚ ਗਰਮੀ ਦੀ ਲਹਿਰ ਦਾ ਆਰੇਂਜ ਅਲਰਟ ਅਤੇ ਚਾਰ ਵਿੱਚ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਨਾਲ ਪਹਾੜਾਂ 'ਚ ਗਰਮੀ ਹੋਰ ਵਧੇਗੀ। ਸੂਬੇ ਦੇ ਛੇ ਸ਼ਹਿਰਾਂ ਵਿੱਚ ਤਾਪਮਾਨ ਪਹਿਲਾਂ ਹੀ 40 ਡਿਗਰੀ ਸੈਲਸੀਅਸ ਨੂੰ ਪਾਰ ਕਰ ਚੁੱਕਾ ਹੈ ਅਤੇ 10 ਸ਼ਹਿਰਾਂ ਵਿੱਚ ਇਹ 35 ਡਿਗਰੀ ਨੂੰ ਪਾਰ ਕਰ ਗਿਆ ਹੈ। ਊਨਾ, ਹਮੀਰਪੁਰ, ਬਿਲਾਸਪੁਰ, ਕਾਂਗੜਾ, ਸੋਲਨ ਅਤੇ ਸਿਰਮੌਰ ਜ਼ਿਲ੍ਹਿਆਂ ਲਈ ਅੱਜ ਆਰੇਂਜ ਅਲਰਟ ਜਾਰੀ ਕੀਤਾ ਗਿਆ ਹੈ, ਜਦੋਂ ਕਿ ਚੰਬਾ, ਸ਼ਿਮਲਾ, ਕੁੱਲੂ ਅਤੇ ਮੰਡੀ ਜ਼ਿਲ੍ਹਿਆਂ ਲਈ ਗਰਮੀ ਦੀ ਲਹਿਰ ਨੂੰ ਲੈ ਕੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਆਰੇਂਜ ਅਲਰਟ ਜ਼ਿਆਦਾ ਖਤਰਨਾਕ ਸਥਿਤੀਆਂ ਵਿੱਚ ਦਿੱਤਾ ਜਾਂਦਾ ਹੈ।



ਇਸ ਦਾ ਮਤਲਬ ਹੈ ਕਿ ਅੱਜ ਔਰੇਂਜ ਅਲਰਟ ਦੇ ਤਹਿਤ ਛੇ ਜ਼ਿਲ੍ਹਿਆਂ ਵਿੱਚ ਗਰਮੀ ਕਾਰਨ ਹਾਲਾਤ ਹੋਰ ਵਿਗੜ ਜਾਣਗੇ। ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਸ਼ਹਿਰਾਂ ਦਾ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਕਿਤੇ ਵੱਧ ਹੋ ਗਿਆ ਹੈ। ਬਾਜ਼ਾਰ ਦੇ ਤਾਪਮਾਨ ਵਿੱਚ ਆਮ ਨਾਲੋਂ ਵੱਧ 6.1 ਡਿਗਰੀ ਦਾ ਵਾਧਾ ਦਰਜ ਕੀਤਾ ਗਿਆ ਹੈ। ਬਾਜ਼ਾਰ 'ਚ ਤਾਪਮਾਨ 39.2 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ। ਹਮੀਰਪੁਰ ਵਿੱਚ ਵੀ ਤਾਪਮਾਨ ਆਮ ਨਾਲੋਂ 6 ਡਿਗਰੀ, ਸ਼ਿਮਲਾ ਵਿੱਚ 4.6 ਡਿਗਰੀ, ਬਿਲਾਸਪੁਰ ਵਿੱਚ 5.8 ਡਿਗਰੀ, ਭੁੰਤਰ ਵਿੱਚ 5.1 ਡਿਗਰੀ, ਧਰਮਸ਼ਾਲਾ ਵਿੱਚ 4.3 ਡਿਗਰੀ, ਨਾਹਨ ਵਿੱਚ 4.8 ਡਿਗਰੀ, ਊਨਾ ਵਿੱਚ 4.9 ਡਿਗਰੀ ਅਤੇ ਮਨਾਲੀ ਵਿੱਚ ਵੀ ਤਾਪਮਾਨ 4 ਡਿਗਰੀ ਵੱਧ ਰਿਹਾ। ਆਮ

ਮੌਸਮ ਵਿਭਾਗ ਮੁਤਾਬਕ 31 ਮਈ ਨੂੰ ਸ਼ਿਮਲਾ ਅਤੇ ਮੰਡੀ ਜ਼ਿਲੇ ਦੇ ਕੁਝ ਇਲਾਕਿਆਂ 'ਚ ਮੀਂਹ ਪੈ ਸਕਦਾ ਹੈ, ਜਦਕਿ ਵੋਟਿੰਗ ਵਾਲੇ ਦਿਨ 1 ਅਤੇ 2 ਜੂਨ ਨੂੰ ਸੂਬੇ ਦੇ ਜ਼ਿਆਦਾਤਰ ਇਲਾਕਿਆਂ 'ਚ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਉੱਚਾਈ ਵਾਲੇ ਇਲਾਕਿਆਂ ਵਿੱਚ ਕੱਲ੍ਹ ਤੋਂ ਹੀ ਮੌਸਮ ਖ਼ਰਾਬ ਹੋ ਸਕਦਾ ਹੈ। ਗਰਮੀ ਦੀ ਚਿਤਾਵਨੀ ਦੇ ਮੱਦੇਨਜ਼ਰ ਮੌਸਮ ਵਿਭਾਗ ਨੇ ਸਥਾਨਕ ਲੋਕਾਂ ਦੇ ਨਾਲ-ਨਾਲ ਪਹਾੜਾਂ 'ਤੇ ਆਉਣ ਵਾਲੇ ਸੈਲਾਨੀਆਂ ਨੂੰ ਵੀ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ।

# ਕੀ ਇਸ ਵਾਰ ਲੁਧਿਆਣਾ ਦਾ ਸੰਸਦ ਮੈਂਬਰ ਬਣ ਸਕੇਗਾ ਕੇਂਦਰ 'ਚ 'ਕੈਬਨਿਟ ਮੰਤਰੀ'? ਚਰਚਾਵਾਂ ਦਾ ਦੌਰ ਗਰਮ





1947 'ਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ 'ਚ ਲੁਧਿਆਣਾ ਲੋਕ ਸਭਾ ਸੀਟ ਤੋਂ ਜਿੱਤੇ ਸੰਸਦ ਮੈਂਬਰਾਂ 'ਚੋਂ ਕਾਂਗਰਸ ਦੇ ਮਨੀਸ਼ ਤਿਵਾੜੀ ਨੂੰ ਹੀ ਕੇਂਦਰ 'ਚ ਮੰਤਰੀ ਅਹੁਦਾ ਪ੍ਰਾਪਤ ਕਰਨ ਦਾ ਸੁਭਾਗ ਮਿਲਿਆ ਹੈ, ਉਹ 2012 ਤੋਂ 2014 ਤੱਕ ਕੇਂਦਰ 'ਚ ਸੂਚਨਾ ਤੇ ਪ੍ਰਸਾਰਣ ਮੰਤਰੀ ਰਹੇ ਹਨ। ਇਸ ਤੋਂ ਇਲਾਵਾ ਹੁਣ ਤੱਕ ਚੁਣੇ ਗਏ ਸੰਸਦ ਮੈਂਬਰਾਂ ਨੂੰ ਅਜਿਹਾ ਕੋਈ ਸੁਭਾਗ ਪ੍ਰਾਪਤ ਨਹੀਂ ਹੋਇਆ। ਮਨੀਸ਼ ਤਿਵਾੜੀ ਵੀ ਕੇਂਦਰ 'ਚ ਇਸ ਲਈ ਮੰਤਰੀ ਬਣ ਸਕੇ ਕਿਉਂਕਿ ਉਸ ਸਮੇਂ ਕੇਂਦਰ 'ਚ ਕਾਂਗਰਸ ਦੀ ਮਨਮੋਹਨ ਸਿੰਘ ਸਰਕਾਰ ਸੀ ਤੇ ਉਹ ਕਾਂਗਰਸ ਦੇ ਸੰਸਦ ਮੈਂਬਰ ਸਨ। ਜ਼ਿਆਦਾਤਰ ਸਮਾਂ ਲੁਧਿਆਣਾ ਸੀਟ ਤੋਂ ਉਹ ਲੋਕ ਚੁਣ ਕੇ ਜਾਂਦੇ ਰਹੇ, ਜਿਨ੍ਹਾਂ ਨੂੰ ਕੇਂਦਰ 'ਚ ਸਰਕਾਰ ਨਾ ਹੋਣ ਕਾਰਨ ਵਿਰੋਧ 'ਚ ਬੈਠਣਾ ਪਿਆ। ਮੌਜੂਦਾ 2024 ਦੀਆਂ ਲੋਕ ਸਭਾ ਚੋਣਾਂ 'ਚ ਕੀ ਲੁਧਿਆਣਾ ਤੋਂ ਚੁਣਿਆ ਜਾਣ ਵਾਲਾ ਸੰਸਦ ਮੈਂਬਰ ਕੇਂਦਰ 'ਚ ਮੰਤਰੀ ਬਣ ਸਕੇਗਾ। ਇਸ ਸਬੰਧੀ ਵੋਟਰਾਂ 'ਚ ਚਰਚਾਵਾਂ ਦਾ ਦੌਰ ਗਰਮ ਹੈ। ਭਾਜਪਾ ਆਪਣੇ ਸੰਸਦ ਉਮੀਦਵਾਰ ਰਵਨੀਤ ਬਿੱਟੂ ਨੂੰ ਕੇਂਦਰ 'ਚ ਮੰਤਰੀ ਬਣਾਉਣ ਸਬੰਧੀ ਦਾਅਵਾ ਪਹਿਲੇ ਦਿਨ ਤੋਂ ਕਰਦੀ ਆ ਰਹੀ ਹੈ। ਭਾਜਪਾ ਦੇ ਦਾਅਵੇ ਨੂੰ ਲੁਧਿਆਣਾ 'ਚ ਚੋਣ ਪ੍ਰਚਾਰ ਕਰਨ ਆਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਉਸ ਭਾਸ਼ਣ ਤੋਂ ਵੀ ਬਲ ਮਿਲਿਆ ਹੈ, ਜਿਸ 'ਚ ਉਨ੍ਹਾਂ ਕਿਹਾ ਕਿ ਲੁਧਿਆਣਾ ਦੇ ਲੋਕ ਰਵਨੀਤ ਬਿੱਟੂ ਨੂੰ ਜੇਤੂ ਬਣਾ ਕੇ ਭੇਜਣ, ਮੈਂ ਉਨ੍ਹਾਂ ਨੂੰ ਵੱਡਾ ਆਦਮੀ ਬਣਾਵਾਂਗਾ।

ਭਾਜਪਾ ਕੇਂਦਰ 'ਚ ਤੀਜੀ ਵਾਰ ਆਪਣੀ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੀ ਹੈ ਤੇ ਵੋਟਰਾਂ ਨੂੰ ਅਪੀਲ ਕਰ ਰਹੀ ਹੈ ਕਿ ਵਿਰੋਧ 'ਚ ਬੈਠਣ ਲਈ ਲੁਧਿਆਣਾ ਤੋਂ ਉਹ ਕਿਸੇ ਨੂੰ ਐੱਮ. ਪੀ. ਨਾ ਚੁਣਨ। ਭਾਜਪਾ ਹੀ ਲੁਧਿਆਣਾ ਦੇ ਸੰਸਦ ਮੈਂਬਰ ਨੂੰ ਮੰਤਰੀ ਬਣਾ ਸਕਦੀ ਹੈ ਕਿਉਂਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਸਮੇਤ ਹੋਰ ਕੋਈ ਵੀ ਸਿਆਸੀ ਪਾਰਟੀ ਇੰਨੀਆਂ ਸੀਟਾਂ 'ਤੇ ਚੋਣ ਨਹੀਂ ਲੜ ਰਹੀ ਕਿ ਉਹ ਆਪਣੇ ਜ਼ੋਰ 'ਤੇ ਕੇਂਦਰ 'ਚ ਸਰਕਾਰ ਬਣਾ ਸਕਣ। ਭਾਜਪਾਈਆਂ ਦਾ ਦਾਅਵਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਰਮਨਪਿਆਰਤਾ ਕਾਰਨ ਕੇਂਦਰ 'ਚ ਕੋਈ ਵੀ ਖਿੱਚੜੀ ਸਰਕਾਰ ਵੋਟਰ ਨਹੀਂ ਬਣਾਉਣਗੇ। ਭਾਜਪਾਈਆਂ ਦਾ ਦਾਅਵਾ ਹੈ ਕਿ ਡਬਲ ਇੰਜਣ ਨਾਲ ਹੀ ਲੁਧਿਆਣਾ ਦਾ ਵਿਕਾਸ ਹੋਵੇਗਾ ਤੇ ਲੁਧਿਆਣਾ 'ਚ ਵੱਡੇ ਪ੍ਰਾਜੈਕਟ ਆ ਸਕਣਗੇ।

# ਕਾਰ ਚੋਰੀ ਮਾਮਲਿਆਂ ‘ਚ 6 ਹੋਰ ਪੰਜਾਬੀ ਗ੍ਰਿਫ਼ਤਾਰ



ਕੈਨੇਡਾ ਦੀ ਪੀਲ ਰੀਜਨਲ ਪੁਲਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇੱਕ “ਬਹੁਤ ਜ਼ਿਆਦਾ ਆਰਕੇਸਟੇਟਿਡ ਅਪਰਾਧਿਕ ਕਾਰਵਾਈ” ਦੁਆਰਾ ਕੀਤੀ ਆਟੋ ਚੋਰੀ ਦੀ ਜਾਂਚ ਦੇ ਸਬੰਧ ਵਿੱਚ 16 ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਹੋਰ 10 ਵਿਅਕਤੀਆਂ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਪ੍ਰੋਜੈਕਟ ਓਡੀਸੀ ਦੁਆਰਾ ਜਾਂਚ ਅਕਤੂਬਰ 2023 ਵਿੱਚ ਸ਼ੁਰੂ ਹੋਈ ਸੀ ਅਤੇ ਇਸ ਵਿੱਚ ਸੈਂਕੜੇ ਚੋਰੀ ਹੋਏ ਵਾਹਨ ਸ਼ਾਮਲ ਸਨ ਜੋ ਵਿਦੇਸ਼ੀ ਬਾਜ਼ਾਰਾਂ ਲਈ ਨਿਰਧਾਰਤ ਸਨ। ਪੁਲਸ ਨੇ ਕਿਹਾ ਕਿ ਜਾਂਚ ਦੇ ਸਬੰਧ ਵਿੱਚ ਲੋੜੀਂਦੇ 26 ਸ਼ੱਕੀਆਂ ਵਿੱਚੋਂ 14 “ਆਟੋ ਚੋਰੀ ਨਾਲ ਸਬੰਧਤ ਅਪਰਾਧ” ਲਈ ਰਿਹਾਈ ਜਾਂ ਜ਼ਮਾਨਤ ਦੇ ਰੂਪ ਵਿੱਚ ਬਾਹਰ ਸਨ। ਪੁਲਸ ਨੇ ਦੱਸਿਆ ਕਿ ਹੁਣ ਤੱਕ ਕੁੱਲ 322 ਦੋਸ਼ ਲਗਾਏ ਗਏ ਹਨ।ਪੀਲ ਰੀਜਨਲ ਪੁਲਸ ਦੇ ਮੁਖੀ ਨਿਸ਼ਾਨ ਦੁਰਾਈਪਾ ਨੇ ਦੱਸਿਆ,“ਇਹ ਪੀਲ ਰੀਜਨਲ ਪੁਲਸ ਦੀ ਹੁਣ ਤੱਕ ਦੀ ਸਭ ਤੋਂ ਮਹੱਤਵਪੂਰਨ ਆਟੋ ਚੋਰੀ ਦੀ ਜਾਂਚ ਹੈ। ਜਾਂਚ ਦੇ ਹਿੱਸੇ ਵਜੋਂ ਦੋ ਟਰਾਂਸਪੋਰਟ ਟਰੱਕਾਂ ਸਮੇਤ 369 ਚੋਰੀ ਹੋਏ ਵਾਹਨ ਜ਼ਬਤ ਕੀਤੇ ਗਏ ਹਨ। ਪੁਲਸ ਅਨੁਸਾਰ ਬਰਾਮਦ ਕੀਤੇ ਵਾਹਨਾਂ ਦੀ ਕੁੱਲ ਕੀਮਤ 33.2 ਮਿਲੀਅਨ ਡਾਲਰ ਹੈ। ਦੱਸਦਈਏ ਕਿ ਪੀਲ ਖੇਤਰ ਵਿੱਚ 255 ਵਾਹਨ ਬਰਾਮਦ ਕੀਤੇ ਗਏ ਅਤੇ 114 ਹੋਰਾਂ ਨੂੰ ਮਾਂਟਰੀਅਲ ਦੀ ਬੰਦਰਗਾਹ ਤੋਂ ਬਰਾਮਦ ਕੀਤਾ ਗਿਆ। ਜਾਂਚਕਰਤਾਵਾਂ ਨੇ ਇੱਕ ਸਥਾਨਕ ਟਰੱਕਿੰਗ ਕੰਪਨੀ ਦੀ ਪਛਾਣ ਕੀਤੀ ਹੈ ਜੋ ਕਥਿਤ ਤੌਰ ‘ਤੇ ਮਾਂਟਰੀਅਲ ਦੀ ਬੰਦਰਗਾਹ ‘ਤੇ ਚੋਰੀ ਹੋਏ ਵਾਹਨਾਂ ਦੀ ਸ਼ਿਪਮੈਂਟ ਦੀ ਸਹੂਲਤ ਦੇ ਰਹੀ ਸੀ। ਪੀਲ ਦੇ ਖੇਤਰ ਵਿੱਚ ਇੱਕ ਸਥਾਨਕ ਕੰਪਨੀ, ਟਰੱਕਿੰਗ ਯਾਰਡ ਅਤੇ ਇੱਕ ਪਰਿਵਾਰ ਦੀ ਪਛਾਣ ਕੀਤੀ ਗਈ ਸੀ ਜੋ ਮੋਟਰ-ਵਾਹਨਾਂ ਦੀ ਆਵਾਜਾਈ ਦੀ ਸਹੂਲਤ ਅਤੇ ਲੋਡ ਕਰਨ ਲਈ ਜ਼ਿੰਮੇਵਾਰ ਸੀ। ਦੱਸਦਈਏ ਕਿ ਚੋਰੀ ਹੋਏ ਵਾਹਨਾਂ ਨੂੰ ਜੀਟੀਏ ਦੇ ਅੰਦਰ ਸਥਾਨਕ “ਇੰਟਰਮੋਡਲ ਹੱਬ” ਵਿੱਚ ਲਿਜਾਇਆ ਗਿਆ ਅਤੇ 401 ਕੋਰੀਡੋਰ ਦੇ ਨਾਲ ਮਾਂਟਰੀਅਲ ਦੀ ਬੰਦਰਗਾਹ ਵਿੱਚ ਲਿਜਾਇਆ ਗਿਆ। ਵਾਹਨਾਂ ਨੂੰ ਸੰਯੁਕਤ ਅਰਬ ਅਮੀਰਾਤ ਅਤੇ ਓਮਾਨ ਦੀਆਂ ਬੰਦਰਗਾਹਾਂ ‘ਤੇ ਨਿਰਯਾਤ ਕਰਨ ਦਾ ਇਰਾਦਾ ਸੀ। ਟਰੱਕਿੰਗ ਕੰਪਨੀ ਦੇ ਮਾਲਕ, ਕਾਮੇ, ਅਤੇ ਆਪਰੇਟਰ ਇਨ੍ਹਾਂ ਚੋਰੀ ਹੋਏ ਵਾਹਨਾਂ ਦੀ ਸ਼ਿਪਿੰਗ ਵਿੱਚ ਪੂਰੀ ਤਰ੍ਹਾਂ ਜਾਣੂ ਅਤੇ ਸ਼ਾਮਲ ਸਨ। ਜਾਂਚਕਰਤਾਵਾਂ ਨੇ ਗ੍ਰੇਟਰ ਟੋਰਾਂਟੋ ਏਰੀਏ ਦੇ ਅੰਦਰਲੇ ਸਥਾਨਕ ਖੇਤਰਾਂ ਤੋਂ ਵਿਹੜੇ ਵਿੱਚ ਚੋਰੀ ਕੀਤੇ ਵਾਹਨਾਂ ਦੀ ਚੋਰੀ ਅਤੇ ਆਵਾਜਾਈ ਵਿੱਚ ਸ਼ਾਮਲ ਕਈ ਵਿਅਕਤੀਆਂ ਦੀ ਵੀ ਪਛਾਣ ਕੀਤੀ। ਪੁਲਸ ਨੇ ਕਿਹਾ ਕਿ ਕੁਝ ਵਾਹਨ ਹਿੰਸਕ ਕਾਰਜੈਕਿੰਗ ਦੌਰਾਨ ਚੋਰੀ ਹੋਏ ਸਨ।

# ਬੈਲੇਵਿਲ ਵਿੱਚ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਸਮੇਤ 4 ਕਾਬੂ, 500 ਤੋਂ ਵੱਧ ਚਾਰਜ ਲੱਗੇ

ਪੂਰਬੀ ਓਂਟਾਰੀਓ ਦੇ ਟਿਏਨਡਿਨਾਗਾ ਟਾਊਨਸ਼ਿਪ ਵਿੱਚ ਇੱਕ ਵੱਡੇ ਡਰੱਗਜ਼ ਅਤੇ ਹਥਿਆਰਾਂ ਦੇ ਪਰਦਾਫਾਸ਼ ਨਾਲ ਸਬੰਧਤ ਚਾਰ ਲੋਕਾਂ ਨੂੰ 500 ਤੋਂ ਵੱਧ ਦੋਸ਼ਾਂ ਤਹਿਤ ਕਾਬੂ ਕੀਤਾ ਗਿਆ ਹੈ।
ਓਂਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਨੂੰ ਅਫਸਰਾਂ ਨੇ ਕੈਨਾਈਨ ਅਤੇ ਓਪੀਪੀ ਟੈਕਟਿਕਸ ਐਂਡ ਰੈਸਕਿਊ ਟੀਮ ਦੀ ਮਦਦ ਨਾਲ, ਬੈਲੇਵਿਲ, ਓਨਟਾਰੀਓ ਤੋਂ ਲਗਭਗ 17 ਕਿਲੋਮੀਟਰ ਉੱਤਰ ਵਿੱਚ ਥਰੈਸ਼ਰ ਰੋਡ 'ਤੇ ਇੱਕ ਘਰ ਦੀ ਤਲਾਸ਼ੀ ਲਈ ਵਾਰੰਟ ਤਹਿਤ ਇਸ ਛਾਪੇ ਨੂੰ ਅੰਜਾਮ ਦਿੱਤਾ। ਹੈਂਡਗਨ ਅਤੇ ਲੰਬੀਆਂ ਬੰਦੂਕਾਂ ਸਮੇਤ ਕਰੀਬ 100 ਹਥਿਆਰ ਜ਼ਬਤ ਕੀਤੇ ਗਏ ਹਨ। ਓਪੀਪੀ ਦਾ ਕਹਿਣਾ ਹੈ ਕਿ ਕੁਝ ਬੰਦੂਕਾਂ ਚੋਰੀ ਹੋਣ ਦੀਆਂ ਰਿਪੋਰਟਾਂ ਮਿਲੀਆਂ ਸਨ। ਲੋਡ ਕੀਤੇ ਹਥਿਆਰ ਵੀ ਮਿਲੇ ਹਨ। ਵੱਡੀ ਮਾਤਰਾ ਵਿੱਚ ਅਸਲਾ, ਨਕਦੀ, ਨਸ਼ੀਲੇ ਪਦਾਰਥ ਅਤੇ ਚੋਰੀ ਦਾ ਸਮਾਨ ਵੀ ਮਿਲਿਆ ਹੈ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਵਿੱਚ 200 ਗ੍ਰਾਮ ਕੋਕੀਨ, ਇੱਕ ਕਿਲੋਗ੍ਰਾਮ ਤੋਂ ਵੱਧ ਮੈਥ, ਲਗਭਗ 2,000 ਗ੍ਰਾਮ ਐਕਸਟੈਸੀ (ਐਮਡੀਐਮਏ) ਦੇ ਨਾਲ-ਨਾਲ ਹੈਰੋਇਨ ਅਤੇ ਵੱਡੀ ਮਾਤਰਾ ਵਿੱਚ ਗੋਲੀਆਂ ਵੀ ਬਰਾਮਦ ਹੋਈਆਂ ਹਨ। ਪੁਲਿਸ ਨੇ ਦੱਸਿਆ ਕਿ ਟਿਏਨਡਿਨਾਗਾ ਟਾਊਨਸ਼ਿਪ ਤੋਂ 27 ਤੋਂ 58 ਸਾਲ ਦੀ ਉਮਰ ਦੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੁੱਲ ਮਿਲਾ ਕੇ, ਓਪੀਪੀ ਨੇ 508 ਅਪਰਾਧਿਕ ਦੋਸ਼ ਲਗਾਏ, ਜਿਸ ਵਿੱਚ ਬਿਨ੍ਹਾਂ ਲਾਇਸੈਂਸ ਦੇ ਹਥਿਆਰ ਰੱਖਣ ਦੇ 100 ਗਿਣਤੀਆਂ ਅਤੇ 100 ਗਿਣਤੀਆਂ ਜਾਂ ਇੱਕ ਹਥਿਆਰ ਦੇ ਅਣਅਧਿਕਾਰਤ ਕਬਜ਼ੇ ਦੀ ਜਾਣਕਾਰੀ ਸ਼ਾਮਿਲ ਹੈ। ਹਾਲੇ ਅਦਾਲਤ ਵਿੱਚ ਦੋਸ਼ ਸਾਬਤ ਨਹੀਂ ਹੋਏ ਹਨ।ਮੁਲਜ਼ਮਾਂ ਨੂੰ ਜ਼ਮਾਨਤ ਦੀ ਸੁਣਵਾਈ ਤੱਕ ਹਿਰਾਸਤ ਵਿੱਚ ਰੱਖਿਆ ਗਿਆ ਹੈ।



# ਵੈਨਕੂਵਰ ਦੀ ਊਸ਼ਾ ਸਿੰਘ ਦੇ ਕਤਲ ਮਾਮਲੇ `ਚ ਇੱਕ ਮੁਲਜ਼ਮ ਨੇ ਦੋਸ਼ ਕਬੂਲਿਆ,



ਵੈਨਕੂਵਰ ਦੀ ਇੱਕ ਸੀਨੀਅਰ ਦੀ ਮੌਤ ਦੇ ਦੋਸ਼ ਵਿੱਚ ਦੋ ਵਿਅਕਤੀਆਂ ਵਿੱਚੋਂ ਦੂਜੇ ਨੇ ਕਤਲੇਆਮ ਦਾ ਦੋਸ਼ ਕਬੂਲਿਆ ਹੈ। ਵੈਨਕੂਵਰ ਵਿੱਚ ਕੋਰਟ `ਚ ਪਾਸਕਲ ਬੋਥਿਲੀਟ ਨੇ ਬੀ.ਸੀ. ਵਿੱਚ ਅਪਰਾਧ `ਚ ਆਪਣੀ ਭੂਮਿਕਾ ਨੂੰ ਸਵੀਕਾਰ ਕੀਤਾ। 31 ਜਨਵਰੀ, 2021 ਨੂੰ 78 ਸਾਲਾ ਊਸ਼ਾ ਸਿੰਘ ਨੂੰ ਉਸਦੇ ਘਰ ਵਿੱਚ ਬੁਰੀ ਤਰ੍ਹਾਂ ਜ਼ਖਮੀ ਪਾਏ ਜਾਣ ਤੋਂ ਬਾਅਦ ਬੁਥਿਲੀਟ 'ਤੇ ਪਹਿਲਾਂ ਫਰਸਟ-ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਸੀ, ਅਤੇ ਬਾਅਦ ਵਿੱਚ ਉਸਦੀ ਮੌਤ ਹੋ ਗਈ ਸੀ। ਸਹਿ-ਦੋਸ਼ੀ ਸੈਂਡੀ ਜੈਕ ਪੈਰਿਸੀਅਨ ਨੂੰ ਪਿਛਲੇ ਮਹੀਨੇ ਅਪਰਾਧ ਵਿੱਚ ਉਸਦੀ ਭੂਮਿਕਾ ਲਈ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ ਜਦੋਂ ਉਸਨੇ ਵੀ ਕਤਲੇਆਮ ਦਾ ਦੋਸ਼ ਕਬੂਲਿਆ ਸੀ। ਪੈਰਿਸੀਅਨ ਦੀ ਸਜ਼ਾ ਦੇ ਦੌਰਾਨ ਦਿਖਾਈ ਗਈ ਘਰੇਲੂ ਸੁਰੱਖਿਆ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਦੋ ਆਦਮੀ ਪੁਲਿਸ ਅਫਸਰਾਂ ਦੇ ਕੱਪੜੇ ਪਾਏ ਹੋਏ ਸਨ ਜਦੋਂ ਉਹ ਸਿੰਘ ਦੇ ਦਰਵਾਜ਼ੇ ਕੋਲ ਪਹੁੰਚੇ ਅਤੇ ਸਵੇਰੇ 6 ਵਜੇ ਤੋਂ ਪਹਿਲਾਂ ਘਰ ਵਿੱਚ ਦਾਖਲ ਹੋਏ। ਘਰ ਦੇ ਅੰਦਰਲੇ ਇੱਕ ਹੋਰ ਸੁਰੱਖਿਆ ਕੈਮਰੇ ਨੇ ਉਨ੍ਹਾਂ ਦੇ ਲਿਵਿੰਗ ਰੂਮ ਦੇ ਆਲੇ-ਦੁਆਲੇ ਘੁੰਮ ਰਹੇ ਆਦਮੀਆਂ ਨੂੰ ਕੈਦ ਕਰ ਲਿਆ, ਪੈਰਿਸੀਅਨ ਦਾ ਕੈਮਰੇ ਵੱਲ ਧਿਆਨ ਗਿਆ ਅਤੇ ਇਸਨੂੰ ਮੋੜ ਦਿੱਤਾ।

# ਅਮਰੀਕਾ 'ਚ ਤੂਫ਼ਾਨ ਨੇ ਧਾਰਿਆ ਭਿਆਨਕ ਰੂਪ, ਵੱਖ-ਵੱਖ ਸੂਬਿਆਂ 'ਚ 22 ਲੋਕਾਂ ਦੀ ਮੌਤ

ਮੱਧ ਅਤੇ ਦੱਖਣੀ ਅਮਰੀਕਾ ਵਿੱਚ ਪਿਛਲੇ ਹਫ਼ਤੇ ਦੇ ਅੰਤ ਵਿੱਚ ਆਏ ਸ਼ਕਤੀਸ਼ਾਲੀ ਤੂਫਾਨਾਂ ਦੀ ਇੱਕ ਲੜੀ ਵਿੱਚ ਘੱਟੋ-ਘੱਟ 22 ਲੋਕਾਂ ਦੀ ਮੌਤ ਹੋ ਗਈ। ਇਸ ਤੂਫ਼ਾਨ ਕਾਰਨ ਵੱਡੀ ਗਿਣਤੀ ਵਿਚ ਕਈ ਘਰ ਅਤੇ ਵਪਾਰਕ ਅਦਾਰੇ ਪੂਰੀ ਤਰ੍ਹਾਂ ਦੇ ਨਾਲ ਤਬਾਹ ਹੋ ਗਏ। ਇਸ ਦੇ ਨਾਲ ਹੀ ਸਾਰੇ ਇਲਾਕਿਆਂ ਦੀ ਬਿਜਲੀ ਸਪਲਾਈ ਵੀ ਠੱਪ ਹੋ ਗਈ। ਟੈਕਸਾਸ, ਓਕਲਾਹੋਮਾ, ਅਰਕਨਸਾਸ ਅਤੇ ਕੈਂਟਕੀ ਵਿੱਚ ਭਿਆਨਕ ਤੂਫਾਨ ਕਾਰਨ ਲੋਕਾਂ ਦੀ ਜਾਨ ਚਲੀ ਗਈ। ਦੱਖਣੀ ਟੈਕਸਾਸ ਤੋਂ ਫਲੋਰੀਡਾ ਤੱਕ ਤੇਜ਼ ਗਰਮੀ ਅਤੇ ਲੂ ਦੀ ਲਹਿਰ ਨੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ। ਮੌਸਮ ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਸੋਮਵਾਰ ਤੋਂ ਬਾਅਦ 'ਪੂਰਬੀ ਤੱਟ' 'ਚ ਮੌਸਮ ਖ਼ਰਾਬ ਹੋ ਸਕਦਾ ਹੈ ਅਤੇ ਛੁੱਟੀਆਂ ਮਨਾਉਣ ਗਏ ਲੱਖਾਂ ਲੋਕਾਂ ਨੂੰ ਮੌਸਮ ਦੇ ਮੱਦੇਨਜ਼ਰ ਉੱਥੋਂ ਵਾਪਸ ਪਰਤਣ ਦੀ ਸਲਾਹ ਦਿੱਤੀ ਗਈ ਹੈ। ਇਸ ਦੇ ਨਾਲ ਹੀ ਉੱਤਰੀ ਕੈਰੋਲੀਨਾ ਤੋਂ ਮੈਰੀਲੈਂਡ ਤੱਕ ਤੂਫਾਨ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਕੇਂਟਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਖ਼ਰਾਬ ਮੌਸਮ ਨੂੰ ਦੇਖਦੇ ਹੋਏ ਐਮਰਜੈਂਸੀ ਦੀ ਘੋਸ਼ਣਾ ਕੀਤੀ ਸੀ।



ਬੇਸ਼ੀਅਰ ਨੇ ਸੋਮਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦੇ ਰਾਜ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਗਵਰਨਰ ਦੇ ਦਫ਼ਤਰ ਨੇ ਦੱਸਿਆ ਕਿ ਪੱਛਮੀ ਕੈਂਟਕੀ ਵਿੱਚ ਕੈਲਡਵੈਲ ਕਾਉਂਟੀ ਵਿੱਚ ਡਿੱਗੇ ਹੋਏ ਇਕ ਦਰੱਖ਼ਤ ਨੂੰ ਕੱਟਦੇ ਸਮੇਂ ਇੱਕ 54 ਸਾਲਾ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਖ਼ਰਾਬ ਮੌਸਮ ਨਾਲ ਸਬੰਧਤ ਘਟਨਾਵਾਂ ਵਿੱਚ 22 ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚ ਕੁੱਕ ਕਾਉਂਟੀ ਵਿੱਚ ਸੱਤ ਅਤੇ ਅਰਕਨਸਾਸ ਵਿੱਚ ਅੱਠ ਸ਼ਾਮਲ ਹਨ। ਕੈਂਟਕੀ ਦੇ ਚਾਰਲਸਟਨ ਸ਼ਹਿਰ ਵਿੱਚ ਤੂਫ਼ਾਨ ਕਾਰਨ ਕਈ ਘਰ ਤਬਾਹ ਹੋ ਗਏ ਅਤੇ ਬਿਜਲੀ ਸਪਲਾਈ ਠੱਪ ਹੋ ਗਈ। ਚਾਰਲਸਟਨ ਐਤਵਾਰ ਰਾਤ ਨੂੰ ਤੂਫਾਨ ਨਾਲ ਸਿੱਧਾ ਪ੍ਰਭਾਵਿਤ ਹੋਇਆ।

# ਸੜਕ ਹਾਦਸੇ 'ਚ 25 ਸਾਲਾ ਲੜਕੀ ਦੀ ਮੌਤ, 11 ਨੂੰ ਮਨਾਇਆ ਸੀ ਆਖ਼ਰੀ ਜਨਮਦਿਨ

ਉੱਚ ਸਿੱਖਿਆ ਲਈ ਅਮਰੀਕਾ ਗਈ ਤੇਲੰਗਾਨਾ ਮੂਲ ਦੀ ਲੜਕੀ ਦੀ ਫਲੋਰੀਡਾ ਸੂਬੇ 'ਚ ਸੜਕ ਹਾਦਸੇ 'ਚ ਮੌਤ ਹੋ ਗਈ। ਫਲੋਰੀਡਾ 'ਚ ਐਤਵਾਰ ਨੂੰ ਇਕ 25 ਸਾਲਾ ਗੁੰਟੀਪੱਲੀ ਸੌਮਿਆ ਨਾਂ ਦੀ ਲੜਕੀ ਨੂੰ ਇਕ ਤੇਜ਼ ਰਫਤਾਰ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਉਸ ਨੇ ਕਥਿਤ ਤੌਰ 'ਤੇ ਫਲੋਰੀਡਾ ਐਟਲਾਂਟਿਕ ਯੂਨੀਵਰਸਿਟੀ ਤੋਂ ਆਪਣੀ ਮਾਸਟਰ ਡਿਗਰੀ ਪੂਰੀ ਕੀਤੀ ਸੀ ਅਤੇ ਇੱਕ ਸਲਾਹਕਾਰ ਦੁਆਰਾ ਨੌਕਰੀ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ। ਖਬਰਾਂ ਮੁਤਾਬਕ ਉਨ੍ਹਾਂ ਨੇ ਇਸ ਮਹੀਨੇ ਦੀ 11 ਤਰੀਕ ਨੂੰ ਆਪਣਾ 25ਵਾਂ ਜਨਮਦਿਨ ਮਨਾਇਆ। ਸੌਮਿਆ ਦੇ ਮਾਤਾ-ਪਿਤਾ ਕੋਟੇਸ਼ਵਰ ਰਾਓ, ਬਾਲਮਣੀ ਅਤੇ ਉਸ ਦੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਉਸ ਦੀ ਲਾਸ਼ ਨੂੰ ਭਾਰਤ ਵਾਪਸ ਲਿਆਉਣ ਲਈ ਮਦਦ ਦੀ ਬੇਨਤੀ ਕੀਤੀ ਹੈ।



ਹਾਲ ਹੀ ਦੇ ਸਮੇਂ ਵਿੱਚ, ਸੰਯੁਕਤ ਰਾਜ ਅਮਰੀਕਾ ਵਿੱਚ ਕਈ ਦੁਖਦਾਈ ਹਾਦਸਿਆਂ ਅਤੇ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਹੋਈਆਂ ਹਨ, ਜਿਸ ਨੇ ਭਾਰਤੀ ਵਿਦਿਆਰਥੀ ਭਾਈਚਾਰੇ ਨੂੰ ਸਦਮੇ ਵਿੱਚ ਲਿਆ ਦਿੱਤਾ ਹੈ। ਸਟੇਟ ਯੂਨੀਵਰਸਿਟੀ ਆਫ ਨਿਊਯਾਰਕ (SUNY) ਦੇ ਆਂਧਰਾ ਮੂਲ ਦੇ ਵਿਦਿਆਰਥੀ ਬੇਲੇਮ ਅਚਯੁਥ ਦੀ 24 ਮਈ ਨੂੰ ਇੱਕ ਬਾਈਕ ਹਾਦਸੇ ਵਿੱਚ ਮੌਤ ਹੋ ਗਈ ਸੀ, ਜਦੋਂ ਕਿ ਇੱਕ ਹੋਰ ਤੇਲਗੂ ਵਿਦਿਆਰਥੀ ਰੂਪੇਸ਼ ਚੰਦਰ ਚਿੰਤਾਕਿੰਡੀ 2 ਮਈ ਤੋਂ ਸ਼ਿਕਾਗੋ ਤੋਂ ਲਾਪਤਾ ਹੈ। ਜਾਹਨਵੀ ਕੰਦੂਲਾ, ਜਿਸ ਨੇ ਪਿਛਲੇ ਸਾਲ ਸਿਆਟਲ ਵਿੱਚ ਇੱਕ ਪੁਲਸ ਕਰੂਜ਼ਰ ਦੀ ਟੱਕਰ ਵਿੱਚ ਆਪਣੀ ਜਾਨ ਗੁਆ ਦਿੱਤੀ ਸੀ, ਤੇਲਗੂ ਮੂਲ ਦੇ ਵਿਦਿਆਰਥੀਆਂ ਦੀ ਹਾਲ ਹੀ ਵਿੱਚ ਹੋਈਆਂ ਮੌਤਾਂ ਵਿੱਚੋਂ ਇੱਕ ਹੈ। ਦੋ ਹੋਰ ਤੇਲਗੂ ਵਿਦਿਆਰਥੀ, ਜੋ ਦੋਵੇਂ 22 ਸਾਲ ਦੇ ਸਨ, ਜਨਵਰੀ ਵਿੱਚ ਹਾਰਟਫੋਰਡ, ਕਨੈਕਟੀਕਟ ਵਿੱਚ ਇੱਕ ਕਮਰੇ ਦੇ ਹੀਟਰ ਦੁਆਰਾ ਨਿਕਲਣ ਵਾਲੇ ਕਾਰਬਨ ਮੋਨੋਆਕਸਾਈਡ ਦੇ ਧੂੰਏਂ ਕਾਰਨ ਆਪਣੇ ਕਮਰਿਆਂ ਵਿੱਚ ਮ੍ਰਿਤਕ ਪਾਏ ਗਏ ਸਨ।

# 'ਜਨਰਲ ਹਸਪਤਾਲ' ਦੇ ਸਾਬਕਾ ਅਦਾਕਾਰ ਜੌਨੀ ਵੈਕਟਰ ਦੀ ਗੋਲੀ ਲੱਗਣ ਨਾਲ ਮੌਤ

ਪ੍ਰਸਿੱਧ ਟੀ.ਵੀ ਸੀਰੀਅਲ 'ਜਨਰਲ ਹਸਪਤਾਲ' ਦੇ ਸਾਬਕਾ ਅਦਾਕਾਰ ਜੌਨੀ ਵੈਕਟਰ ਦੀ ਲਾਸ ਏਂਜਲਸ ਵਿਚ ਗੋਲੀ ਲੱਗਣ ਨਾਲ ਮੌਤ ਹੋ ਗਈ। ਉਨ੍ਹਾਂ ਦੇ ਪਰਿਵਾਰ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪਰਿਵਾਰਕ ਮੈਂਬਰਾਂ ਮੁਤਾਬਕ ਜਦੋਂ ਵੈਕਟਰ ਨੇ ਤਿੰਨ ਚੋਰਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਿਹੜੇ ਉਨ੍ਹਾਂ ਦੀ ਕਾਰ ਵਿਚੋਂ ਕੈਟਾਲੀਟਿਕ ਕਨਵਰਟਰ ਚੋਰੀ ਕਰ ਰਹੇ ਸਨ ਤਾਂ ਬਦਮਾਸ਼ਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ।

ਲਾਸ ਏਂਜਲਸ ਪੁਲਸ ਵਿਭਾਗ ਮੁਤਾਬਕ ਇਹ ਘਟਨਾ ਸ਼ਨੀਵਾਰ ਦੁਪਹਿਰ 3 ਵਜੇ ਦੀ ਹੈ। ਉਸ ਦੀ ਮਾਂ ਸਕਾਰਲੇਟ ਵੈਕਟਰ ਨੇ ਏ.ਬੀ.ਸੀ 7 ਨੂੰ ਦੱਸਿਆ ਕਿ ਉਸ ਦਾ 37 ਸਾਲਾ ਬੇਟਾ ਇਕ ਛੱਤ 'ਤੇ ਬਣੀ ਬਾਰ ਵਿਚ ਕੰਮ ਕਰ ਰਿਹਾ ਸੀ। ਫਿਰ ਉਸ ਨੇ ਦੇਖਿਆ ਕਿ ਕੁਝ ਚੋਰ ਉਸ ਦੀ ਕਾਰ ਵਿਚੋਂ ਕੁਝ ਸਾਮਾਨ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਜਿਸ ਤੋਂ ਬਾਅਦ ਉਹ ਆਪਣੇ ਸਾਥੀ ਨਾਲ ਚੋਰਾਂ ਨੂੰ ਫੜਨ ਲਈ ਗਿਆ। ਉਸ ਦੀ ਮਾਂ ਨੇ ਦੱਸਿਆ ਕਿ ਨਕਾਬਪੋਸ਼ ਸ਼ੱਕੀਆਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ।ਪੁਲਸ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਤਿੰਨੇ ਦੋਸ਼ੀ ਮੌਕੇ ਤੋਂ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਵੈਕਟਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਮਾਮਲੇ 'ਚ ਐਤਵਾਰ ਦੇਰ ਰਾਤ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਸੀ। ਵੈਕਟਰ ਦੇ ਏਜੰਟ ਡੇਵਿਡ ਸ਼ੋਲ ਨੇ ਕਿਹਾ ਕਿ ਅਦਾਕਾਰ 'ਹਰ ਉਸ ਵਿਅਕਤੀ ਲਈ ਇਕ ਅਸਲੀ ਨੈਤਿਕ ਉਦਾਹਰਣ ਸੀ, ਜੋ ਉਸ ਨੂੰ ਜਾਣਦਾ ਸੀ।' ਵੈਕਟਰ ਨੇ 2020 ਤੋਂ 2022 ਤਕ ਏਬੀਸੀ ਸੋਪ ਓਪੇਰਾ ਵਿਚ ਬ੍ਰੈਂਡੋ ਕਾਰਬਿਨ ਦੀ ਭੂਮਿਕਾ ਨਿਭਾਈ ਸੀ। ਉਨ੍ਹਾਂ 'ਸਟੇਸ਼ਨ 10', 'ਐੱਨਸੀਆਈਐੱਸ', 'ਵੇਸਟਵਰਲਡ' ਅਤੇ ਵੀਡੀਓ ਗੇਮ 'ਕਾਲ ਆਫ ਡਿਊਟੀ: ਵੈਨਗਾਰਡ' ਸਮੇਤ ਕਈ ਫਿਲਮਾਂ ਅਤੇ ਟੀਵੀ ਪ੍ਰੋਗਰਾਮਾਂ ਵਿਚ ਕੰਮ ਕੀਤਾ ਸੀ।



# ਸਾਊਦੀ ਪ੍ਰੋ ਲੀਗ 'ਚ ਰੋਨਾਲਡੋ ਨੇ ਰਚਿਆ ਇਤਿਹਾਸ, ਇੱਕ ਸੀਜ਼ਨ 'ਚ ਸਭ ਤੋਂ ਵੱਧ ਗੋਲ ਕਰਨ ਦਾ ਬਣਾਇਆ ਰਿਕਾਰਡ




ਸਟਾਰ ਫੁੱਟਬਾਲ ਖਿਡਾਰੀ ਕ੍ਰਿਸਟੀਆਨੋ ਰੋਨਾਲਡੋ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਿਆ ਅਤੇ ਸਾਊਦੀ ਪ੍ਰੋ ਲੀਗ ਦੇ ਇੱਕ ਸੀਜ਼ਨ ਵਿੱਚ ਸਭ ਤੋਂ ਵੱਧ ਗੋਲ ਕਰਨ ਵਾਲੇ ਖਿਡਾਰੀ ਬਣ ਗਏ ਹਨ। ਰੋਨਾਲਡੋ ਨੇ ਅਲ ਇਤਿਹਾਦ ਦੇ ਖਿਲਾਫ ਅਲ ਨਾਸਰ ਦੇ ਆਖਰੀ ਮੈਚ ਵਿੱਚ ਇਹ ਉਪਲਬਧੀ ਹਾਸਲ ਕੀਤੀ। ਰੋਨਾਲਡੋ ਨੇ ਅਲ ਇਤਿਹਾਦ ਦੇ ਖਿਲਾਫ ਮੈਚ ਵਿੱਚ ਦੋ ਗੋਲ ਕੀਤੇ, ਜੋ ਇਸ ਲੀਗ ਦੇ ਮੌਜੂਦਾ ਸੀਜ਼ਨ ਵਿੱਚ ਉਸਦਾ 34ਵਾਂ ਅਤੇ 35ਵਾਂ ਗੋਲ ਸੀ। ਇਸ ਦੇ ਨਾਲ ਰੋਨਾਲਡੋ ਨੇ ਰਿਕਾਰਡ ਬਣਾ ਕੇ ਸੀਜ਼ਨ ਦਾ ਅੰਤ ਕੀਤਾ। ਰੋਨਾਲਡੋ ਨੇ ਆਪਣੇ ਦੋ ਗੋਲ ਕਰਕੇ ਅਲ ਨਾਸਰ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਰੋਨਾਲਡੋ ਨੇ ਇਸ ਮੈਚ ਦਾ ਆਪਣਾ ਪਹਿਲਾ ਗੋਲ ਪਹਿਲੇ ਹਾਫ ਦੇ ਰੁਕੇ ਸਮੇਂ (45+3 ਮਿੰਟ) ਵਿੱਚ ਅਲ ਇਤਿਹਾਦ ਵਿਰੁੱਧ ਕੀਤਾ। ਇਸ ਤੋਂ ਬਾਅਦ ਰੀਅਲ ਮੈਡਰਿਡ ਅਤੇ ਮਾਨਚੈਸਟਰ ਯੂਨਾਈਟਿਡ ਦੇ ਸਾਬਕਾ ਖਿਡਾਰੀ ਨੇ 69ਵੇਂ ਮਿੰਟ ਵਿੱਚ ਹੈਡਰ ਰਾਹੀਂ ਆਪਣਾ ਦੂਜਾ ਗੋਲ ਕੀਤਾ। ਇਸ ਨਾਲ ਉਹ ਸਾਊਦੀ ਪ੍ਰੋ ਲੀਗ ਦੇ ਇੱਕ ਸੀਜ਼ਨ ਵਿੱਚ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਬਣ ਗਿਆ। ਰੋਨਾਲਡੋ ਦੇ ਦੋ ਗੋਲਾਂ ਦੀ ਮਦਦ ਨਾਲ ਅਲ ਨਾਸਰ ਨੇ ਅਲ ਇਤਿਹਾਦ ਨੂੰ 4-2 ਨਾਲ ਹਰਾਇਆ। ਇਸ ਤਰ੍ਹਾਂ ਰੋਨਾਲਡੋ ਦੀ ਟੀਮ 34 ਮੈਚਾਂ 'ਚ 26 ਜਿੱਤਾਂ ਅਤੇ 82 ਅੰਕਾਂ ਨਾਲ ਟੇਬਲ 'ਚ ਦੂਜੇ ਸਥਾਨ 'ਤੇ ਰਹੀ। ਅਲ ਹਿਲਾਲ 34 ਮੈਚਾਂ ਵਿੱਚ 31 ਜਿੱਤਾਂ ਦੇ ਨਾਲ 96 ਅੰਕਾਂ ਨਾਲ ਸੂਚੀ ਵਿੱਚ ਸਿਖਰ 'ਤੇ ਹੈ। ਸਾਊਦੀ ਪ੍ਰੋ ਲੀਗ ਵਿੱਚ ਇੱਕ ਸੀਜ਼ਨ ਵਿੱਚ ਸਭ ਤੋਂ ਵੱਧ ਗੋਲ ਕਰਨ ਤੋਂ ਬਾਅਦ, ਰੋਨਾਲਡੋ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਦੇ ਨਾਲ ਆਪਣੀ ਪ੍ਰਾਪਤੀ 'ਤੇ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਨੇ ਆਪਣੀਆਂ ਤਸਵੀਰਾਂ ਸ਼ੇਅਰ ਕਰਦੇ ਹੋਏ ਕੈਪਸ਼ਨ ਲਿਖਿਆ, ਮੈਂ ਰਿਕਾਰਡਾਂ ਦੇ ਪਿੱਛੇ ਨਹੀਂ ਭੱਜਦਾ, ਰਿਕਾਰਡ ਮੇਰੇ ਮਗਰ ਦੌੜਦੇ ਹਨ।

ਰੋਨਾਲਡੋ ਨੇ ਸਾਊਦੀ ਪ੍ਰੋ ਲੀਗ ਵਿੱਚ ਸਭ ਤੋਂ ਵੱਧ ਗੋਲ ਕਰਨ ਦੇ ਮਾਮਲੇ ਵਿੱਚ ਮੋਰੋਕੋ ਦੇ ਅਬਦੇਰਜ਼ਾਕ ਹਮਦੱਲਾਹ ਨੂੰ ਪਛਾੜ ਦਿੱਤਾ। ਅਬਦਰਜ਼ਾਕ ਹਮਦੱਲ੍ਹਾ ਨੇ 2018-19 ਸੀਜ਼ਨ 'ਚ ਕੁੱਲ 34 ਗੋਲ ਕੀਤੇ ਸਨ ਪਰ ਪੁਰਤਗਾਲ ਦੇ ਸਟਾਰ ਖਿਡਾਰੀ ਰੋਨਾਲਡੋ ਨੇ ਹਮਦੱਲ੍ਹਾ ਨੂੰ ਪਛਾੜ ਕੇ ਇਹ ਰਿਕਾਰਡ ਆਪਣੇ ਨਾਂ ਕਰ ਲਿਆ। ਰੋਨਾਲਡੋ ਦਸੰਬਰ 2022 ਵਿੱਚ ਇਸ ਲੀਗ ਵਿੱਚ ਸ਼ਾਮਲ ਹੋਏ ਸਨ। ਰੋਨਾਲਡੋ ਪੁਰਸ਼ਾਂ ਦੇ ਅੰਤਰਰਾਸ਼ਟਰੀ ਫੁੱਟਬਾਲ ਵਿੱਚ ਸਭ ਤੋਂ ਵੱਧ ਮੈਚ ਖੇਡਣ ਵਾਲੇ ਖਿਡਾਰੀ ਹਨ। ਉਸ ਨੇ 206 ਮੈਚ ਖੇਡੇ ਹਨ ਅਤੇ ਰੋਨਾਲਡੋ ਦੇ ਨਾਂ ਰਿਕਾਰਡ 128 ਗੋਲ ਹਨ।

## ਹਾਰਦਿਕ ਪੰਡਯਾ ਨੂੰ ਲੈ ਕੇ ਹਰਭਜਨ ਸਿੰਘ ਨੇ ਦਿੱਤਾ ਵੱਡਾ ਬਿਆਨ



ਪਤਨੀ ਨਤਾਸ਼ਾ ਸਟੈਨਕੋਵਿਚ ਨਾਲ ਤਲਾਕ ਦੀਆਂ ਖ਼ਬਰਾਂ ਵਿਚਾਲੇ ਹਰਭਜਨ ਸਿੰਘ ਦਾ ਹਾਰਦਿਕ ਪੰਡਯਾ ਨੂੰ ਲੈ ਕੇ ਵੱਡਾ ਬਿਆਨ ਸਾਹਮਣੇ ਆਇਆ ਹੈ। ਹਾਰਦਿਕ ਪੰਡਯਾ ਲਈ ਪਿਛਲੇ ਦੋ ਮਹੀਨੇ ਬਹੁਤ ਮੁਸ਼ਕਲ ਰਹੇ ਹਨ ਅਤੇ ਉਨ੍ਹਾਂ ਦੇ ਹਮਦਰਦ ਸਾਬਕਾ ਆਫ ਸਪਿਨਰ ਹਰਭਜਨ ਸਿੰਘ ਚਾਹੁੰਦੇ ਹਨ ਕਿ ਭਾਰਤੀ ਆਲਰਾਊਂਡਰ ਆਗਾਮੀ ਟੀ-20 ਵਿਸ਼ਵ ਕੱਪ 'ਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਇਸ ਬੁਰੇ ਸਮੇਂ ਨੂੰ ਪਿੱਛੇ ਛੱਡ ਦੇਵੇ। ਹਾਰਦਿਕ ਦੀ ਕਪਤਾਨੀ 'ਚ ਇੰਡੀਅਨ ਪ੍ਰੀਮੀਅਰ ਲੀਗ 'ਚ ਮੁੰਬਈ ਇੰਡੀਅਨਜ਼ ਦਾ ਪ੍ਰਦਰਸ਼ਨ ਕਾਫੀ ਨਿਰਾਸ਼ਾਜਨਕ ਰਿਹਾ। ਟੀਮ ਤਾਲਿਕਾ ਵਿੱਚ 10ਵੇਂ ਸਥਾਨ 'ਤੇ ਰਹੀ ਅਤੇ ਇਸ ਦੌਰਾਨ ਉਹ ਖੁਦ ਗੇਂਦ ਅਤੇ ਬੱਲੇ ਨਾਲ ਪ੍ਰਭਾਵ ਬਣਾਉਣ ਵਿੱਚ ਅਸਫਲ ਰਿਹਾ। ਉਸ ਲਈ ਹਾਲਾਤ ਉਦੋਂ ਹੋਰ ਵੀ ਔਖੇ ਹੋ ਗਏ ਜਦੋਂ ਸਟੇਡੀਅਮ ਦੇ ਅੰਦਰ ਮੌਜੂਦ ਦਰਸ਼ਕਾਂ ਨੇ ਉਸ ਨੂੰ ਹੂਟਿੰਗ ਕਰਨੀ ਸ਼ੁਰੂ ਕਰ ਦਿੱਤੀ। ਹਰਭਜਨ ਨੂੰ ਹਾਲਾਂਕਿ ਉਮੀਦ ਹੈ ਕਿ ਅਮਰੀਕਾ 'ਚ ਟੀ-20 ਵਿਸ਼ਵ ਕੱਪ ਦੌਰਾਨ ਹਾਲਾਤ ਬਦਲ ਜਾਣਗੇ। ਉਸਨੇ ਕਿਹਾ, "ਜਦੋਂ ਉਹ ਨੀਲੀ ਜਰਸੀ (ਭਾਰਤੀ ਟੀਮ ਦੀ ਜਰਸੀ) ਪਹਿਨਦਾ ਹੈ, ਤਾਂ ਉਹ ਇੱਕ ਵੱਖਰਾ ਹਾਰਦਿਕ ਪੰਡਯਾ ਹੋਵੇਗਾ ਕਿਉਂਕਿ ਅਸੀਂ ਜਾਣਦੇ ਹਾਂ ਕਿ ਉਹ ਦੌੜਾਂ ਬਣਾ ਸਕਦਾ ਹੈ ਅਤੇ ਵਿਕਟਾਂ ਲੈ ਸਕਦਾ ਹੈ। ਮੈਂ ਚਾਹੁੰਦਾ ਹਾਂ ਕਿ ਹਾਰਦਿਕ ਚੰਗਾ ਪ੍ਰਦਰਸ਼ਨ ਕਰੇ ਕਿਉਂਕਿ ਉਸ ਨੇ ਬਹੁਤ ਕੁਝ ਕੀਤਾ ਹੈ ਅਤੇ ਮੈਂ ਉਸ ਨੂੰ ਭਾਰਤ ਲਈ ਬਹੁਤ ਵਧੀਆ ਟੂਰਨਾਮੈਂਟ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ। ਉਸ ਨੇ ਕਿਹਾ, ''ਜੇਕਰ ਇਹ ਟੂਰਨਾਮੈਂਟ ਹਾਰਦਿਕ ਲਈ ਚੰਗਾ ਰਿਹਾ ਤਾਂ ਜ਼ਾਹਿਰ ਹੈ ਕਿ ਭਾਰਤ ਕੋਲ ਅੱਗੇ ਵਧਣ ਦਾ ਵਧੀਆ ਮੌਕਾ ਹੋਵੇਗਾ।'' 43 ਸਾਲਾ ਸਾਬਕਾ ਖਿਡਾਰੀ ਨੇ ਕਿਹਾ, ''ਹਾਂ, ਉਸ ਦੀ ਫਾਰਮ ਚਿੰਤਾ ਦਾ ਵਿਸ਼ਾ ਹੈ। ਉਸਦੇ ਆਲੇ ਦੁਆਲੇ ਬਹੁਤ ਸਾਰੀਆਂ ਚੀਜ਼ਾਂ ਚੱਲ ਰਹੀਆਂ ਸਨ, ਉਸਦਾ ਗੁਜਰਾਤ (ਟਾਈਟਨਸ) ਤੋਂ ਮੁੰਬਈ (ਇੰਡੀਅਨਜ਼) ਵਿੱਚ ਤਬਾਦਲਾ ਇੱਕ ਵੱਡਾ ਬਦਲਾਅ ਸੀ ਅਤੇ ਟੀਮ (MI) ਨੇ ਕਪਤਾਨ ਵਜੋਂ ਹਾਰਦਿਕ ਨੂੰ ਚੰਗਾ ਜਵਾਬ ਨਹੀਂ ਦਿੱਤਾ।

ਹਾਰਦਿਕ ਨੂੰ ਦਰਸ਼ਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਮੁੰਬਈ ਫ੍ਰੈਂਚਾਇਜ਼ੀ ਨੇ ਉਸ ਨੂੰ ਬਹੁਤ ਸਫਲ ਰੋਹਿਤ ਸ਼ਰਮਾ ਦੀ ਜਗ੍ਹਾ ਕਪਤਾਨੀ ਸੌਂਪ ਦਿੱਤੀ ਸੀ। ਹਰਭਜਨ, ਜੋ ਟੀ-20 ਅਤੇ ਵਨਡੇ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦੇ ਮੈਂਬਰ ਸਨ, ਨੇ ਟੀਮ ਪ੍ਰਬੰਧਨ ਨੂੰ ਹਾਰਦਿਕ ਅਤੇ ਰੋਹਿਤ ਨੂੰ 'ਇਕਜੁੱਟ' ਕਰਨ ਦੀ ਅਪੀਲ ਕੀਤੀ। ਉਸ ਨੇ ਕਿਹਾ, "ਅਜਿਹਾ ਲੱਗ ਰਿਹਾ ਸੀ ਕਿ ਉਹ ਇੱਕ ਟੀਮ (ਮੁੰਬਈ ਇੰਡੀਅਨਜ਼) ਦੇ ਰੂਪ ਵਿੱਚ ਇਕੱਠੇ ਨਹੀਂ ਖੇਡ ਰਹੇ ਸਨ। ਇਸ ਲਈ ਬਹੁਤ ਕੁਝ ਚੱਲ ਰਿਹਾ ਸੀ। ਹਾਰਦਿਕ ਪਿਛਲੇ ਦੋ ਮਹੀਨਿਆਂ ਤੋਂ ਆਜ਼ਾਦ ਆਦਮੀ ਨਹੀਂ ਸੀ। ਮੇਰਾ ਮੰਨਣਾ ਹੈ ਕਿ ਇਨ੍ਹਾਂ ਦੋਵਾਂ ਤੋਂ ਇਲਾਵਾ ਆਈਪੀਐਲ ਵਿੱਚ ਹੋਰ ਟੀਮਾਂ ਦੀ ਨੁਮਾਇੰਦਗੀ ਕਰਨ ਵਾਲੇ ਖਿਡਾਰੀਆਂ ਨੂੰ ਦੇਸ਼ ਲਈ ਇੱਕਜੁੱਟ ਹੋ ਕੇ ਖੇਡਣਾ ਹੋਵੇਗਾ, ਹਰਭਜਨ ਨੇ ਕਿਹਾ, ''ਵਿਸ਼ਵ ਕੱਪ ਜਿੱਤਣਾ ਆਈਪੀਐਲ ਟਰਾਫੀ ਜਿੱਤਣ ਨਾਲੋਂ ਵੱਡੀ ਪ੍ਰਾਪਤੀ ਹੈ, ਇਸ ਲਈ ਮੈਂ ਪ੍ਰਬੰਧਕਾਂ ਤੇ ਸਾਰਿਆਂ ਨੂੰ ਇਕੱਠੇ ਹੋਣ ਅਤੇ ਆਪਣੀ ਏਕਤਾ ਨੂੰ ਯਕੀਨੀ ਬਣਾਉਣ ਲਈ ਬੇਨਤੀ ਕਰਾਂਗਾ ਤਾਂ ਜੋ ਉਹ ਇੱਕ ਟੀਮ ਦੇ ਰੂਪ ਵਿੱਚ ਖੇਡ ਸਕਣ। ਉਨ੍ਹਾਂ ਕਿਹਾ, "ਮੇਰਾ ਮੰਨਣਾ ਹੈ ਕਿ ਇਹ ਪ੍ਰਬੰਧਨ ਦੀ ਜ਼ਿੰਮੇਵਾਰੀ ਹੈ ਕਿ ਉਹ ਇਕੱਠੇ ਆਉਣ ਅਤੇ ਇਕੱਠੇ ਜਿੱਤਣ। ਭਾਵੇਂ ਉਹ ਹਾਰਦੇ ਹਨ, ਉਨ੍ਹਾਂ ਨੂੰ ਇਕੱਠੇ ਹਾਰਨਾ ਚਾਹੀਦਾ ਹੈ।

ਹਰਭਜਨ ਨੇ ਕਿਹਾ ਕਿ ਵਿਸ਼ਵ ਕੱਪ ਦੌਰਾਨ ਤਜਰਬੇਕਾਰ ਜਸਪ੍ਰੀਤ ਬੁਮਰਾਹ ਨੂੰ ਤੇਜ਼ ਗੇਂਦਬਾਜ਼ੀ 'ਚ ਦੂਜੇ ਸਿਰੇ ਤੋਂ ਬਿਹਤਰ ਸਮਰਥਨ ਦੀ ਲੋੜ ਹੋਵੇਗੀ। ਬੁਮਰਾਹ ਤੋਂ ਇਲਾਵਾ ਟੀਮ ਦੀ ਤੇਜ਼ ਗੇਂਦਬਾਜ਼ੀ ਯੂਨਿਟ ਵਿੱਚ ਮੁਹੰਮਦ ਸਿਰਾਜ ਅਤੇ ਅਰਸ਼ਦੀਪ ਸਿੰਘ ਸ਼ਾਮਲ ਹਨ। ਉਸ ਨੇ ਕਿਹਾ, 'ਤੇਜ਼ ਗੇਂਦਬਾਜ਼ੀ ਹਮਲਾ ਯਕੀਨੀ ਤੌਰ 'ਤੇ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ। ਬੁਮਰਾਹ ਇਕ ਵੱਖਰੀ ਕਿਸਮ ਦਾ ਗੇਂਦਬਾਜ਼ ਹੈ ਅਤੇ ਉਸ ਨੂੰ ਸਫਲ ਹੋਣ ਲਈ ਹਾਲਾਤ ਦੀ ਜ਼ਰੂਰਤ ਨਹੀਂ ਹੈ ਜਦੋਂ ਕਿ ਅਰਸ਼ਦੀਪ ਅਤੇ ਸਿਰਾਜ ਵਰਗੇ ਹੋਰ ਗੇਂਦਬਾਜ਼ਾਂ ਨੂੰ ਹਾਲਾਤਾਂ ਤੋਂ ਮਦਦ ਦੀ ਲੋੜ ਹੋਵੇਗੀ, ਉਸ ਨੇ ਕਿਹਾ, ''ਬਮਰਾਹ ਦੇ ਮੋਢਿਆਂ 'ਤੇ ਬਹੁਤ ਸਾਰੀ ਜ਼ਿੰਮੇਵਾਰੀ ਹੋਵੇਗੀ ਪਰ ਮੈਨੂੰ ਉਮੀਦ ਹੈ ਹੋਰ ਤੇਜ਼ ਗੇਂਦਬਾਜ਼ ਵੀ ਕੁਝ ਖਾਸ ਬਣਨ ਦੀ ਜ਼ਿੰਮੇਵਾਰੀ ਲੈਣਗੇ। ਸਾਬਕਾ ਭਾਰਤੀ ਕਪਤਾਨ ਅਤੇ ਤਜਰਬੇਕਾਰ ਬੱਲੇਬਾਜ਼ ਵਿਰਾਟ ਕੋਹਲੀ ਦੇ ਟੀ-20 ਫਾਰਮੈਟ 'ਚ ਬੱਲੇਬਾਜ਼ੀ ਕਰਨ ਦੇ ਤਰੀਕੇ 'ਚ ਬਦਲਾਅ ਤੋਂ ਹਰਭਜਨ ਕਾਫੀ ਪ੍ਰਭਾਵਿਤ ਹਨ। ਉਸ ਨੇ ਕਿਹਾ, ''ਵਿਰਾਟ ਨੇ ਪਿਛਲੇ ਸਾਲ ਤੋਂ ਇਸ ਸਾਲ ਤੱਕ ਕਾਫੀ ਸੁਧਾਰ ਦਿਖਾਇਆ ਹੈ ਅਤੇ ਲੋਕ ਉਸ ਦੀ ਸਟ੍ਰਾਈਕ ਰੇਟ ਬਾਰੇ ਗੱਲ ਕਰਦੇ ਹਨ। ਪਿਛਲੇ ਸਾਲ ਇਹ 130 ਦੇ ਕਰੀਬ ਸੀ ਅਤੇ ਇਸ ਵਾਰ 160 ਦੇ ਕਰੀਬ ਹੈ।

# ਸਲਮਾਨ ਖ਼ਾਨ ਨੂੰ 'ਸਿਕੰਦਰ' ਫ਼ਿਲਮ 'ਚ ਟੱਕਰ ਦੇਣਗੇ ਇਹ ਅਦਾਕਾਰ



ਸਾਊਥ ਦੇ ਮਸ਼ਹੂਰ ਅਦਾਕਾਰ ਸਤਿਆਰਾਜ ਨੇ ਸਲਮਾਨ ਖਾਨ ਦੀ ਫ਼ਿਲਮ 'ਸਿਕੰਦਰ' 'ਚ ਐਂਟਰੀ ਕਰ ਲਈ ਹੈ। ਚਰਚਾ ਹੈ ਕਿ ਉਹ ਇਸ ਫ਼ਿਲਮ 'ਚ ਸਲਮਾਨ ਦੇ ਨਾਲ ਖਲਨਾਇਕ ਦੀ ਭੂਮਿਕਾ 'ਚ ਨਜ਼ਰ ਆਉਣਗੇ।ਤੁਹਾਨੂੰ ਦੱਸ ਦੇਈਏ ਕਿ ਸਤਿਆਰਾਜ ਨੇ 'ਬਾਹੂਬਲੀ' ਫ਼ਿਲਮ 'ਚ ਕਟੱਪਾ ਦਾ ਕਿਰਦਾਰ ਨਿਭਾਇਆ ਸੀ। ਅਦਾਕਾਰ ਨੇ ਹਾਲ ਹੀ 'ਚ ਦਿੱਤੇ ਇੰਟਰਵਿਊ 'ਚ ਦੱਸਿਆ ਕਿ ਫ਼ਿਲਮ 'ਚ ਉਨ੍ਹਾਂ ਨੂੰ ਕਾਸਟ ਕੀਤਾ ਗਿਆ ਹੈ ਅਤੇ ਉਹ ਸਲਮਾਨ ਦੀ ਇਸ ਫ਼ਿਲਮ 'ਚ ਖਲਨਾਇਕ ਦੀ ਭੂਮਿਕਾ 'ਚ ਨਜ਼ਰ ਆਉਣਗੇ। ਜਿਸ ਦਾ ਨਿਰਦੇਸ਼ਨ ਏ.ਆਰ. ਮੁਰੂਗਦਾਸ ਕਰ ਰਹੇ ਹਨ।ਦੱਸ ਦੇਈਏ ਕਿ ਸਲਮਾਨ ਦੀ ਨਵੀਂ ਆਉਣ ਵਾਲੀ ਫ਼ਿਲਮ ਦਾ ਨਾਮ 'ਸਿਕੰਦਰ' ਹੈ ਅਤੇ ਉਹ ਇਸ ਫ਼ਿਲਮ 'ਚ ਲੀਡ ਰੋਲ ਕਰ ਰਹੇ ਹਨ। ਪਰ ਦੂਜੇ ਪਾਸੇ ਵਿਲਨ ਦੇ ਰੋਲ ਲਈ ਜਿਸ ਇਨਸਾਨ ਦੀ ਚੋਣ ਹੋਈ ਹੈ, ਉਸ ਦੀ ਆਪਣੀ ਅਲੱਗ ਹੀ ਪਹਿਚਾਣ ਹੈ। ਉਨ੍ਹਾਂ ਦਾ ਨਾਮ ਸਤਿਆਰਾਜ ਹੈ, ਪਰ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਬਾਹੂਬਲੀ ਦੇ ਕਟੱਪਾ ਵਜੋਂ ਜਾਣਦੇ ਹਨ। ਅਦਾਕਾਰ ਦੀ ਇਹ ਫ਼ਿਲਮ ਈਦ 2025 ਨੂੰ ਰਿਲੀਜ਼ ਹੋਵੇਗੀ, ਕਿਉਂਕਿ ਸਲਮਾਨ ਖ਼ਾਨ ਦਾ ਈਦ ਦੇ ਤਿਉਹਾਰ ਨਾਲ ਖਾਸ ਨਾਤਾ ਹੈ। ਉਹ ਹਰ ਸਾਲ ਈਦ ਵਾਲੇ ਦਿਨ ਆਪਣੇ ਫੈਨਜ਼ ਲਈ ਫ਼ਿਲਮ ਦੇ ਰੂਪ ਵਿਚ ਤੋਹਫ਼ਾ ਲੈ ਕੇ ਆਉਂਦੇ ਹਨ।



# ਮਾਂ ਸ਼੍ਰੀਦੇਵੀ ਦੇ ਪਸੰਦੀਦਾ ਸਥਾਨ ਤੇ ਪਹੁੰਚੀ ਜਾਹਨਵੀ ਕਪੂਰ

ਅਦਾਕਾਰਾ ਜਾਹਨਵੀ ਕਪੂਰ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ 'ਮਿਸਟਰ ਐਂਡ ਮਿਸਿਜ਼ ਮਾਹੀ' ਨੂੰ ਲੈ ਕੇ ਸੁਰਖੀਆਂ 'ਚ ਹੈ। ਇਹ ਫ਼ਿਲਮ 31 ਮਈ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਣ ਜਾ ਰਹੀ ਹੈ। ਅਜਿਹੇ 'ਚ ਜਾਹਨਵੀ ਇਸ ਫਿਲਮ ਦੇ ਪ੍ਰਮੋਸ਼ਨ 'ਚ ਰੁੱਝੀ ਹੋਈ ਹੈ। ਇਸ ਦੌਰਾਨ ਅਦਾਕਾਰਾ ਭਗਵਾਨ ਦਾ ਆਸ਼ੀਰਵਾਦ ਲੈਣ ਲਈ ਚੇੱਨਈ ਦੇ ਇਕ ਮੰਦਰ ਪੁੱਜੀ। ਜਿਸ ਦੀਆਂ ਤਸਵੀਰਾਂ ਉਸ ਨੇ ਇੰਸਟਾਗ੍ਰਾਮ 'ਤੇ ਸ਼ੇਅਰ ਕੀਤੀਆਂ ਹਨ। ਦੱਸ ਦਈਏ ਕਿ ਚੇੱਨਈ ਦੇ ਜਿਸ ਮੰਦਰ 'ਚ ਜਾਹਨਵੀ ਗਈ ਸੀ, ਉਹ ਉਸ ਲਈ ਬਹੁਤ ਖਾਸ ਹੈ। ਅਦਾਕਾਰਾ ਨੇ ਦੱਸਿਆ ਕਿ ਇਹ ਉਸ ਦੀ ਮਰਹੂਮ ਮਾਂ ਅਤੇ ਅਦਾਕਾਰਾ ਸ਼੍ਰੀਦੇਵੀ ਦੀ ਪਸੰਦੀਦਾ ਜਗ੍ਹਾ ਹੈ, ਜਿੱਥੇ ਉਸਦੀ ਮਾਂ ਅਕਸਰ ਭਗਵਾਨ ਦੇ ਦਰਸ਼ਨਾਂ ਲਈ ਜਾਂਦੀ ਸੀ। ਜਾਹਨਵੀ ਨੇ ਆਪਣੇ ਇੰਸਟਾਗ੍ਰਾਮ 'ਤੇ ਮੰਦਰ ਦੇ ਦਰਸ਼ਨਾਂ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ ਹਨ ਅਤੇ ਕੈਪਸ਼ਨ 'ਚ ਲਿਖਿਆ- 'ਪਹਿਲੀ ਵਾਰ ਮੁਪਾਥਮਨ ਮੰਦਰ ਆਈ ਹਾਂ, ਇਹ ਚੇੱਨਈ 'ਚ ਮਾਂ ਦੀ ਪਸੰਦੀਦਾ ਜਗ੍ਹਾ ਸੀ।ਇਸ ਦੌਰਾਨ ਜਾਹਨਵੀ ਟ੍ਰੈਡਿਸ਼ਨਲ ਲੁੱਕ 'ਚ ਕਾਫ਼ੀ ਖੂਬਸੂਰਤ ਨਜ਼ਰ ਆ ਰਹੀ ਹੈ। ਉਨ੍ਹਾਂ ਦੀਆਂ ਇਨ੍ਹਾਂ ਤਸਵੀਰਾਂ ਨੂੰ ਫੈਨਜ਼ ਕਾਫੀ ਪਸੰਦ ਕਰ ਰਹੇ ਹਨ।

# 'ਨੀ ਮੈਂ ਸੱਸ ਕੁੱਟਣੀ 2' ਫਿਲਮ ਦਾ ਮਜ਼ੇਦਾਰ ਟਾਈਟਲ ਗੀਤ ਹੋਇਆ ਰਿਲੀਜ਼




7 ਜੂਨ ਨੂੰ ਦੁਨੀਆ ਭਰ 'ਚ ਰਿਲੀਜ਼ ਹੋਣ ਵਾਲੀ ਪੰਜਾਬੀ ਫਿਲਮ 'ਨੀ ਮੈਂ ਸੱਸ ਕੁੱਟਣੀ 2' ਦਾ ਟਾਈਟਲ ਗੀਤ ਅੱਜ ਰਿਲੀਜ਼ ਹੋ ਚੁੱਕਿਆ ਹੈ। ਜਿਸਦੀ ਲੀਰੀਕਲ ਵੀਡੀਓ 'ਸਾ-ਰੇ-ਗਾ-ਮਾ' ਪੰਜਾਬੀ ਦੇ ਅਧਿਕਾਰਤ ਯੂਟਿਊਬ ਚੈਨਲ 'ਤੇ ਰਿਲੀਜ਼ ਕੀਤੀ ਗਈ ਹੈ। ਰਿਲੀਜ਼ ਹੁੰਦਿਆਂ ਹੀ ਇਸ ਗੀਤ ਨੂੰ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਦੱਸਣਯੋਗ ਹੈ ਕਿ ਇਸ ਟਾਈਟਲ ਗੀਤ ਨੂੰ ਕਿਰਨ ਬਾਜਵਾ ਵੱਲੋਂ ਗਾਇਆ ਅਤੇ ਬਲਕਿਰਨ ਸਿੰਘ ਢਿੱਲੋਂ ਵੱਲੋਂ ਲਿਖਿਆ ਗਿਆ ਹੈ। ਗੀਤ ਦਾ ਮਿਊਜ਼ਿਕ ਬਲੈਕ ਵਾਇਰਸ ਨੇ ਤਿਆਰ ਕੀਤਾ ਹੈ। ਗੀਤ ਦੇ ਵਿੱਚ ਨੂੰਹ ਅਤੇ ਸੱਸ ਦੀ ਨੋਕ-ਝੋਕ ਸੁਣਨ ਨੂੰ ਮਿਲਦੀ ਹੈ ਤੇ ਉਮੀਦ ਹੈ ਕਿ ਇਹ ਗੀਤ ਹਰ ਵਰਗ ਦੇ ਸਰੋਤਿਆਂ ਨੂੰ ਜ਼ਰੂਰ ਪਸੰਦ ਆ ਰਿਹਾ ਹੋਵੇਗਾ। ਸਾਲ 2022 'ਚ ਰਿਲੀਜ਼ ਹੋਈ ਅਤੇ ਸੁਪਰ ਡੁਪਰ ਹਿੱਟ ਰਹੀ 'ਨੀ ਮੈਂ ਸੱਸ ਕੁੱਟਣੀ' ਦੇ ਸੀਕਵਲ ਦੇ ਤੌਰ 'ਤੇ ਸਾਹਮਣੇ ਲਿਆਂਦੀ ਜਾ ਰਹੀ ਹੈ। ਫ਼ਿਲਮ ਦਾ ਨਿਰਦੇਸ਼ਨ ਪ੍ਰਵੀਨ ਕੁਮਾਰ ਵੱਲੋਂ ਕੀਤਾ ਗਿਆ ਸੀ ਪਰ ਇਸ ਨਵੇਂ ਭਾਗ ਦੀ ਨਿਰਦੇਸ਼ਨ ਕਮਾਂਡ ਉਨਾਂ ਦੀ ਬਜਾਏ ਉਕਤ ਫ਼ਿਲਮ ਦਾ ਨਿਰਮਾਣ ਕਰਨ ਵਾਲੇ ਮੋਹਿਤ ਬਨਵੈਤ ਸੰਭਾਲ ਰਹੇ ਹਨ। ਇਸ ਫ਼ਿਲਮ 'ਚ ਨਿਰਮਲ ਰਿਸ਼ੀ, ਗੁਰਪ੍ਰੀਤ ਘੁੱਗੀ, ਤਨਵੀ ਨਾਗੀ, ਅਨੀਤਾ ਦੇਵਗਨ, ਕਰਮਜੀਤ ਅਨਮੋਲ, ਅਕਸ਼ਿਤਾ ਸ਼ਰਮਾ, ਨਿਸ਼ਾ ਬਾਨੋ ਆਦਿ ਵੱਲੋਂ ਮੁੱਖ ਭੂਮਿਕਾ ਨਿਭਾਈਆਂ ਗਈਆਂ ਸਨ। ਪੰਜਾਬ ਦੇ ਖਰੜ-ਮੋਹਾਲੀ ਅਤੇ ਆਸ-ਪਾਸ ਦੇ ਇਲਾਕਿਆਂ 'ਚ ਫਿਲਮਾਏ ਗਏ ਹਨ। ਫ਼ਿਲਮ ਦੀ ਸਟਾਰ-ਕਾਸਟ ਦੀ ਗੱਲ ਕਰੀਏ ਤਾਂ ਇੱਕ ਵਾਰ ਫਿਰ ਪਹਿਲੀ ਫ਼ਿਲਮ ਵਾਲੇ ਜ਼ਿਆਦਾਤਰ ਚਿਹਰਿਆਂ ਨੂੰ ਮੁੜ ਦੁਹਰਾਇਆ ਗਿਆ ਹੈ, ਜਿੰਨ੍ਹਾਂ 'ਚ ਨਿਰਮਲ ਰਿਸ਼ੀ, ਅਨੀਤਾ ਦੇਵਗਨ, ਤਨਵੀ ਨਾਗੀ, ਮਹਿਤਾਬ ਵਿਰਕ, ਕਰਮਜੀਤ ਅਨਮੋਲ, ਨਿਸ਼ਾ ਬਾਨੋ, ਹਾਰਬੀ ਸੰਘਾ ਆਦਿ ਸ਼ੁਮਾਰ ਹਨ। 'ਸਾ-ਰੇ-ਗਾ-ਮਾ' ਵੱਲੋਂ ਪੇਸ਼ ਕੀਤੀ ਜਾ ਰਹੀ ਅਤੇ 'ਬਨਵੈਤ ਫਿਲਮਜ਼-ਏ ਯੁਡਲੀ ਫ਼ਿਲਮ ਦੇ ਸੰਯੁਕਤ ਨਿਰਮਾਣ ਅਧੀਨ ਬਣਾਈ ਗਈ ਇਸ ਦਿਲਚਸਪ-ਪਰਿਵਾਰਿਕ-ਡਰਾਮਾ ਫ਼ਿਲਮ ਦਾ ਲੇਖਨ ਅਤੇ ਨਿਰਦੇਸ਼ਨ ਮੋਹਿਤ ਬਨਵੈਤ ਦੁਆਰਾ ਕੀਤਾ ਗਿਆ ਹੈ, ਜੋ ਇਸ ਤੋਂ ਪਹਿਲਾਂ ਬਤੌਰ ਨਿਰਮਾਤਾ ਕਈ ਵੱਡੀਆਂ ਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਹਨ। ਉਕਤ ਫ਼ਿਲਮ ਨਾਲ ਨਿਰੇਦਸ਼ਕ ਦੇ ਰੂਪ 'ਚ ਇੱਕ ਨਵੀਂ ਸਿਨੇਮਾ ਪਾਰੀ ਦੇ ਅਗਾਜ਼ ਵੱਲ ਵਧੇ ਹਨ।

# ਨੇਪਾਲ ਨੇ ਮਨਾਇਆ 17ਵਾਂ ਗਣਤੰਤਰ ਦਿਵਸ, ਰਾਸ਼ਟਰਪਤੀ ਤੇ PM ਨੇ ਦਿੱਤਾ ਖ਼ਾਸ ਸੰਦੇਸ਼




ਨੇਪਾਲ ਨੇ ਮੰਗਲਵਾਰ ਨੂੰ ਆਪਣਾ 17ਵਾਂ ਗਣਤੰਤਰ ਦਿਵਸ ਮਨਾਇਆ ਅਤੇ ਇਸ ਮੌਕੇ ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ ਕਿਹਾ ਕਿ ਸੰਘੀ ਲੋਕਤੰਤਰੀ ਗਣਤੰਤਰ ਪ੍ਰਣਾਲੀ ਨੇ ਦੇਸ਼ ਵਿਚ ਪੂਰੇ ਰਾਜਨੀਤਿਕ ਅਧਿਕਾਰਾਂ ਨੂੰ ਯਕੀਨੀ ਬਣਾਇਆ ਹੈ। ਉਧਰ ਪ੍ਰਧਾਨ ਮੰਤਰੀ ਪੁਸ਼ਪਕਮਲ ਦਹਿਲ 'ਪ੍ਰਚੰਡ' ਨੇ ਕਿਹਾ ਕਿ ਗਣਤੰਤਰ ਪ੍ਰਣਾਲੀ ਸਿਰਫ਼ ਸਿਆਸੀ ਪ੍ਰਣਾਲੀ ਨਹੀਂ, ਸਗੋਂ ਜੀਵਨ ਸ਼ੈਲੀ ਵੀ ਹੈ। ਨੇਪਾਲ ਦੀ ਸੰਸਦ ਨੇ 17 ਸਾਲ ਪਹਿਲਾਂ 2008 'ਚ 'ਪੀਪਲਜ਼ ਮੂਵਮੈਂਟ-2' ਦੇ ਸਫਲ ਸਿੱਟੇ ਵਜੋਂ 240 ਸਾਲ ਪੁਰਾਣੀ ਰਾਜਸ਼ਾਹੀ ਨੂੰ ਇਕ ਇਤਿਹਾਸਕ ਘੋਸ਼ਣਾ ਰਾਹੀਂ ਖ਼ਤਮ ਕਰ ਦਿੱਤਾ ਸੀ।

ਨੇਪਾਲ ਨੂੰ 28 ਮਈ 2008 ਨੂੰ ਇੱਕ ਸੰਘੀ ਗਣਰਾਜ ਲੋਕਤੰਤਰੀ ਰਾਸ਼ਟਰ ਘੋਸ਼ਿਤ ਕੀਤਾ ਗਿਆ ਸੀ। ਵਿਕਰਮ ਸੰਵਤ ਕੈਲੰਡਰ ਅਨੁਸਾਰ ਨੇਪਾਲ ਜੇਠ 15 ਮੰਗਲਵਾਰ ਨੂੰ 17ਵਾਂ ਗਣਤੰਤਰ ਦਿਵਸ ਮਨਾ ਰਿਹਾ ਹੈ, ਜਸ਼ਨ ਤਿੰਨ ਦਿਨਾਂ ਤੱਕ ਜਾਰੀ ਹਨ। ਰਾਸ਼ਟਰਪਤੀ ਪੌਡੇਲ ਨੇ ਰਾਸ਼ਟਰ ਦੇ ਨਾਮ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸੰਘੀ ਜਮਹੂਰੀ ਗਣਤੰਤਰ ਪ੍ਰਣਾਲੀ ਨੇ ਦੇਸ਼ ਵਿੱਚ ਪੂਰੇ ਸਿਆਸੀ ਅਧਿਕਾਰਾਂ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਕਿਹਾ, ''ਇਕ ਖੁਸ਼ਹਾਲ ਭਵਿੱਖ ਲਈ ਇਕਜੁੱਟ ਹੋ ਕੇ ਅੱਗੇ ਵਧਣ ਦਾ ਇਹ ਸੁਨਹਿਰੀ ਮੌਕਾ ਹੈ।'' ਰਾਸ਼ਟਰਪਤੀ ਨੇ ਕਿਹਾ, ''17 ਸਾਲ ਪਹਿਲਾਂ ਇਸ ਦਿਨ ਅਸੀਂ ਗਣਤੰਤਰ ਪ੍ਰਣਾਲੀ ਦੇ ਨਾਲ-ਨਾਲ ਆਜ਼ਾਦੀ ਪ੍ਰਾਪਤ ਕੀਤੀ ਸੀ। ਇਸ ਦਿਨ ਨੇਪਾਲੀ ਨਾਗਰਿਕਾਂ ਨੂੰ ਸਰਵਉੱਚ ਮੰਨਿਆ ਗਿਆ ਅਤੇ ਸਮਾਜਿਕ ਨਿਆਂ ਦੇ ਨਾਲ-ਨਾਲ ਇੱਕ ਉਦਾਰ, ਸਮਾਵੇਸ਼ੀ ਜਮਹੂਰੀ ਗਣਰਾਜ ਨੇਪਾਲ ਦੀ ਨੀਂਹ ਰੱਖੀ ਗਈ।''

ਪ੍ਰਧਾਨ ਮੰਤਰੀ 'ਪ੍ਰਚੰਡ' ਨੇ ਕਿਹਾ ਕਿ ਗਣਤੰਤਰ ਪ੍ਰਣਾਲੀ ਕੋਈ ਸਿਆਸੀ ਪ੍ਰਣਾਲੀ ਨਹੀਂ ਹੈ, ਸਗੋਂ ਇੱਕ ਜੀਵਨ ਸ਼ੈਲੀ ਹੈ। ਉਸ ਨੇ ਦਲੀਲ ਦਿੱਤੀ ਕਿ ਸਮਾਜ ਦੇ ਸਾਰੇ ਵਰਗਾਂ ਵਿੱਚ ਰਿਪਬਲਿਕਨ ਜੀਵਨ ਸ਼ੈਲੀ ਦੇ ਵਿਕਾਸ ਦੇ ਨਾਲ ਗਣਤੰਤਰ ਪ੍ਰਣਾਲੀ ਨੂੰ ਨਾਗਰਿਕ ਪੱਧਰ 'ਤੇ ਸੰਸਥਾਗਤ ਬਣਾਇਆ ਗਿਆ ਹੈ। ਪ੍ਰਧਾਨ ਮੰਤਰੀ ਨੇ ਆਪਣੇ ਸੰਦੇਸ਼ ਵਿੱਚ ਕਿਹਾ, "ਗਣਤੰਤਰ ਦਾ ਅਰਥ ਹੈ ਦੂਜਿਆਂ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ ਆਪਣੇ ਅਧਿਕਾਰਾਂ ਦੀ ਸਰਵੋਤਮ ਵਰਤੋਂ ਕਰਨਾ ਅਤੇ ਸਭ ਤੋਂ ਵੱਧ ਇੱਕ ਸੰਘੀ ਲੋਕਤੰਤਰੀ ਗਣਰਾਜ ਦਾ ਮਤਲਬ ਬੁਨਿਆਦੀ ਮੁੱਦਿਆਂ 'ਤੇ ਸਥਾਨਕ ਖੁਦਮੁਖਤਿਆਰੀ ਅਤੇ ਸਵੈ-ਨਿਰਣੇ ਦਾ ਅਧਿਕਾਰ ਵੀ ਹੈ। ਇਸ ਲਈ ਸਰਕਾਰ ਆਪਣੀਆਂ ਯੋਜਨਾਵਾਂ ਨੂੰ ਨਾਗਰਿਕਾਂ ਤੱਕ ਪਹੁੰਚਾਉਣ ਲਈ ਦ੍ਰਿੜ ਯਤਨ ਕਰ ਰਹੀ ਹੈ।'' ਸਰਕਾਰ ਨੇ ਗਣਤੰਤਰ ਦਿਵਸ ਮੌਕੇ ਮੰਗਲਵਾਰ ਨੂੰ ਰਾਸ਼ਟਰੀ ਛੁੱਟੀ ਦਾ ਐਲਾਨ ਕੀਤਾ ਹੈ।

# ਆਸਟ੍ਰੇਲੀਆ, ਨਿਊਜ਼ੀਲੈਂਡ ਨੇ ਪ੍ਰਭਾਵਿਤ ਪਾਪੂਆ ਨਿਊ ਗਿਨੀ ਨੂੰ ਲੱਖਾਂ ਡਾਲਰ ਦੇਣ ਦਾ ਕੀਤਾ ਵਾਅਦਾ



ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਨੇ ਜ਼ਮੀਨ ਖਿਸਕਣ ਦੀ ਭਿਆਨਕ ਘਟਨਾ ਦੇ ਮੱਦੇਨਜ਼ਰ ਪਾਪੂਆ ਨਿਊ ਗਿਨੀ ਨੂੰ ਲੱਖਾਂ ਡਾਲਰ ਦੀ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ। ਪਾਪੂਆ ਨਿਊ ਗਿਨੀ ਦੇ ਦੂਰ-ਦੁਰਾਡੇ ਮੱਧ ਉੱਚੇ ਇਲਾਕਿਆਂ ਵਿੱਚ ਸ਼ੁੱਕਰਵਾਰ ਤੜਕੇ ਇੱਕ ਪਹਾੜ ਦਾ ਇੱਕ ਹਿੱਸਾ ਢਹਿ ਜਾਣ ਕਾਰਨ ਐਂਗਾ ਸੂਬੇ ਦੇ ਕਈ ਪਿੰਡ ਪ੍ਰਭਾਵਿਤ ਹੋਏ। ਪਾਪੂਆ ਨਿਊ ਗਿਨੀ ਦੀ ਆਫ਼ਤ ਏਜੰਸੀ ਨੇ ਕਿਹਾ ਹੈ ਕਿ ਮਲਬੇ ਹੇਠ 2,000 ਤੋਂ ਵੱਧ ਲੋਕ ਦੱਬੇ ਹੋ ਸਕਦੇ ਹਨ।ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਵਿੰਸਟਨ ਪੀਟਰਸ ਨੇ ਮੰਗਲਵਾਰ ਨੂੰ ਕਿਹਾ ਕਿ ਸਰਕਾਰ ਨੇ ਪ੍ਰਤੀਕਿਰਿਆ ਵਿੱਚ ਮਦਦ ਕਰਨ ਲਈ 1.5 ਮਿਲੀਅਨ ਨਿਊਜ਼ੀਲੈਂਡ ਡਾਲਰ (923,000 ਅਮਰੀਕੀ ਡਾਲਰ) ਦੀ ਵਿਹਾਰਕ ਅਤੇ ਵਿੱਤੀ ਸਹਾਇਤਾ ਦੀ ਪੇਸ਼ਕਸ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪੀਟਰਸ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਲਿਖਿਆ, "ਪਾਪੂਆ ਨਿਊ ਗਿਨੀ ਦੇ ਏਂਗਾ ਸੂਬੇ ਵਿੱਚ ਜ਼ਮੀਨ ਖਿਸਕਣਾ ਇੱਕ ਸੰਪੂਰਨ ਦੁਖਾਂਤ ਹੈ। ਸਾਡੀ ਹਮਦਰਦੀ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ ਲੋਕਾਂ ਅਤੇ ਪਾਪੂਆ ਨਿਊ ਗਿਨੀ ਦੇ ਲੋਕਾਂ ਅਤੇ ਸਰਕਾਰ ਦੇ ਨਾਲ ਹੈ।"

ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਨੇ ਜ਼ਮੀਨ ਖਿਸਕਣ ਦੀ ਭਿਆਨਕ ਘਟਨਾ ਦੇ ਮੱਦੇਨਜ਼ਰ ਪਾਪੂਆ ਨਿਊ ਗਿਨੀ ਨੂੰ ਲੱਖਾਂ ਡਾਲਰ ਦੀ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ। ਪਾਪੂਆ ਨਿਊ ਗਿਨੀ ਦੇ ਦੂਰ-ਦੁਰਾਡੇ ਮੱਧ ਉੱਚੇ ਇਲਾਕਿਆਂ ਵਿੱਚ ਸ਼ੁੱਕਰਵਾਰ ਤੜਕੇ ਇੱਕ ਪਹਾੜ ਦਾ ਇੱਕ ਹਿੱਸਾ ਢਹਿ ਜਾਣ ਕਾਰਨ ਐਂਗਾ ਸੂਬੇ ਦੇ ਕਈ ਪਿੰਡ ਪ੍ਰਭਾਵਿਤ ਹੋਏ। ਪਾਪੂਆ ਨਿਊ ਗਿਨੀ ਦੀ ਆਫ਼ਤ ਏਜੰਸੀ ਨੇ ਕਿਹਾ ਹੈ ਕਿ ਮਲਬੇ ਹੇਠ 2,000 ਤੋਂ ਵੱਧ ਲੋਕ ਦੱਬੇ ਹੋ ਸਕਦੇ ਹਨ।ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਵਿੰਸਟਨ ਪੀਟਰਸ ਨੇ ਮੰਗਲਵਾਰ ਨੂੰ ਕਿਹਾ ਕਿ ਸਰਕਾਰ ਨੇ ਪ੍ਰਤੀਕਿਰਿਆ ਵਿੱਚ ਮਦਦ ਕਰਨ ਲਈ 1.5 ਮਿਲੀਅਨ ਨਿਊਜ਼ੀਲੈਂਡ ਡਾਲਰ (923,000 ਅਮਰੀਕੀ ਡਾਲਰ) ਦੀ ਵਿਹਾਰਕ ਅਤੇ ਵਿੱਤੀ ਸਹਾਇਤਾ ਦੀ ਪੇਸ਼ਕਸ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪੀਟਰਸ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਲਿਖਿਆ, "ਪਾਪੂਆ ਨਿਊ ਗਿਨੀ ਦੇ ਏਂਗਾ ਸੂਬੇ ਵਿੱਚ ਜ਼ਮੀਨ ਖਿਸਕਣਾ ਇੱਕ ਸੰਪੂਰਨ ਦੁਖਾਂਤ ਹੈ। ਸਾਡੀ ਹਮਦਰਦੀ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ ਲੋਕਾਂ ਅਤੇ ਪਾਪੂਆ ਨਿਊ ਗਿਨੀ ਦੇ ਲੋਕਾਂ ਅਤੇ ਸਰਕਾਰ ਦੇ ਨਾਲ ਹੈ।"

# ਉੱਤਰੀ ਕੋਰੀਆ ਦਾ ਜਾਸੂਸੀ ਉਪਗ੍ਰਹਿ ਲੈ ਕੇ ਜਾ ਰਿਹਾ ਰਾਕੇਟ ਉਡਾਣ ਭਰਨ ਤੋਂ ਤੁਰੰਤ ਬਾਅਦ ਫਟਿਆ



ਉੱਤਰੀ ਕੋਰੀਆ ਦੁਆਰਾ ਦੇਸ਼ ਦੇ ਦੂਜੇ ਜਾਸੂਸੀ ਉਪਗ੍ਰਹਿ ਨੂੰ ਪੁਲਾੜ ਵਿਚ ਤਾਇਨਾਤ ਕਰਨ ਲਈ ਲਾਂਚ ਕੀਤਾ ਗਿਆ ਰਾਕੇਟ ਉਡਾਣ ਭਰਨ ਤੋਂ ਤੁਰੰਤ ਬਾਅਦ ਫੱਟ ਗਿਆ। ਇਸ ਗੱਲ ਦੀ ਜਾਣਕਾਰੀ ਸਰਕਾਰੀ ਮੀਡੀਆ ਵਲੋਂ ਦਿੱਤੀ ਗਈ ਹੈ। ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਲਈ ਇਹ ਇੱਕ ਝਟਕਾ ਹੈ, ਜੋ ਅਮਰੀਕਾ ਅਤੇ ਦੱਖਣੀ ਕੋਰੀਆ 'ਤੇ ਨਜ਼ਰ ਰੱਖਣ ਲਈ ਉਪਗ੍ਰਹਿ ਤਾਇਨਾਤ ਕਰਨ ਦੀ ਉਮੀਦ ਕਰ ਰਹੇ ਹਨ।ਇਹ ਲਾਂਚ ਉਸ ਸਮੇਂ ਅਸਫ਼ਲ ਹੋਇਆ, ਜਦੋਂ ਦੱਖਣੀ ਕੋਰੀਆ, ਚੀਨ ਅਤੇ ਜਾਪਾਨ ਦੇ ਨੇਤਾਵਾਂ ਨੇ ਚਾਰ ਸਾਲਾਂ ਤੋਂ ਵੱਧ ਸਮੇਂ ਵਿੱਚ ਪਹਿਲੀ ਤਿਕੋਣੀ ਬੈਠਕ ਦੇ ਤਹਿਤ ਸਿਓਲ ਵਿੱਚ ਮੁਲਾਕਾਤ ਕੀਤੀ। ਦੱਸ ਦੇਈਏ ਕਿ ਉੱਤਰੀ ਕੋਰੀਆ ਲਈ ਅਜਿਹੀ ਭੜਕਾਊ ਕਾਰਵਾਈ ਕਰਨਾ ਅਸਾਧਾਰਨ ਹੈ, ਜਦੋਂ ਉਸ ਦਾ ਪ੍ਰਮੁੱਖ ਸਹਿਯੋਗੀ ਚੀਨ ਖੇਤਰ ਵਿੱਚ ਉੱਚ ਪੱਧਰੀ ਕੂਟਨੀਤਕ ਗੱਲਬਾਤ ਕਰ ਰਿਹਾ ਹੈ। ਉੱਤਰੀ ਕੋਰੀਆ ਦੇ ਗੁਆਂਢੀ ਦੇਸ਼ਾਂ ਨੇ ਇਸ ਲਾਂਚ ਦੀ ਆਲੋਚਨਾ ਕੀਤੀ ਸੀ, ਕਿਉਂਕਿ ਸੰਯੁਕਤ ਰਾਸ਼ਟਰ ਨੇ ਉੱਤਰੀ ਕੋਰੀਆ 'ਤੇ ਅਜਿਹੇ ਕਿਸੇ ਵੀ ਲਾਂਚ ਨੂੰ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ।



# ਨੌਨਿਹਾਲ ਸਿੰਘ ਜੀ ਦੀ ਜੀਵਨੀ

ਨੌਨਿਹਾਲ ਸਿੰਘ ਦਾ ਜਨਮ 11 ਫਰਵਰੀ 1821 ਨੂੰ ਯੁਵਰਾਜ ਖੜਕ ਸਿੰਘ ਅਤੇ ਉਸਦੀ ਪਹਿਲੀ ਪਤਨੀ ਚੰਦ ਕੌਰ ਦੇ ਘਰ ਹੋਇਆ। ਉਹ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਨਕਈ ਮਿਸਲ ਦੀ ਮਹਾਰਾਣੀ ਦਾਤਾਰ ਕੌਰ ਦਾ ਪੋਤਾ ਸੀ, ਉਹ ਆਪਣੇ ਦਾਦਾ-ਦਾਦੀ ਦੇ ਬਹੁਤ ਨੇੜੇ ਵੱਡਾ ਹੋਇਆ ਸੀ। ਉਸਦਾ ਪਿਤਾ ਉਸਦੇ ਦਾਦੇ ਦਾ ਵਾਰਸ ਸੀ - ਇਸ ਤਰ੍ਹਾਂ ਉਸਨੂੰ ਪੰਜਾਬ ਦੇ ਗੱਦੀ 'ਤੇ ਉੱਤਰਾਧਿਕਾਰੀ ਦੀ ਕਤਾਰ ਵਿੱਚ ਦੂਜਾ ਬਣਾਇਆ ਗਿਆ।

ਅਪਰੈਲ 1837 ਵਿਚ ਸੋਲਾਂ ਸਾਲ ਦੀ ਉਮਰ ਵਿਚ ਉਸ ਦਾ ਵਿਆਹ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਅਟਾਰੀ ਦੀ ਬੀਬੀ ਨਾਨਕੀ ਕੌਰ ਅਟਾਰੀਵਾਲਾ ਪੁੱਤਰੀ ਸ਼ਾਮ ਸਿੰਘ ਅਟਾਰੀਵਾਲਾ (1790-1846) ਨਾਲ ਹੋਇਆ। ਉਹ ਮਹਾਰਾਣੀ ਦਾ ਖਿਤਾਬ ਰੱਖਣ ਵਾਲੀ ਇਕਲੌਤੀ ਪਤਨੀ ਸੀ, ਉਸਦੀ ਮੌਤ 1856 ਵਿੱਚ ਹੋਈ ਸੀ। ਉਸਦੇ ਵਿਆਹ ਦੀ ਯੋਜਨਾ ਉਸਦੀ ਦਾਦੀ, ਦਾਤਾਰ ਕੌਰ ਦੁਆਰਾ ਬਣਾਈ ਗਈ ਸੀ। ਇਸ ਮੌਕੇ ਨੂੰ ਅਸਾਧਾਰਨ ਸ਼ਾਨ ਅਤੇ ਆਲੀਸ਼ਾਨਤਾ ਦੇ ਪ੍ਰਦਰਸ਼ਨ ਦੁਆਰਾ ਚਿੰਨ੍ਹਿਤ ਕੀਤਾ ਗਿਆ ਸੀ. ਉਹ ਦੂਜਾ, ਅੰਮ੍ਰਿਤਸਰ ਦੇ ਸਰਦਾਰ ਗੁਰਦਿੱਤ ਸਿੰਘ ਗਿਲਵਾਲੀਵਾਲਾ ਦੀ ਧੀ ਸਾਹਿਬ ਕੌਰ ਗਿਲਵਾਲੀਵਾਲਾ ਨਾਲ ਵਿਆਹੀ ਹੋਈ ਸੀ, ਉਹ ਮਰਨ ਉਪਰੰਤ ਆਪਣੇ ਮਰੇ ਹੋਏ ਪੁੱਤਰ ਨੂੰ ਜਨਮ ਦੇਣ ਤੋਂ ਬਾਅਦ 1841 ਵਿੱਚ ਅਕਾਲ ਚਲਾਣਾ ਕਰ ਗਈ। ਉਸਦਾ ਤੀਜਾ ਵਿਆਹ ਭਦੌੜ ਦੇ ਇੱਕ ਸਰਦਾਰ ਦੀ ਪੁੱਤਰੀ ਭਦੌੜ ਕੰਵਰ ਸਾਹਿਬਾ ਨਾਲ ਹੋਇਆ ਸੀ। ਉਸ ਦੀ ਆਖ਼ਰੀ ਪਤਨੀ ਕਟੋਚਨ ਸਾਹਿਬਾ ਸੀ, ਜੋ ਲੰਬਾਗਰਾਉਂ ਦੇ ਮੀਆਂ ਰਾਏ ਸਿੰਘ ਦੀ ਪੁੱਤਰੀ ਸੀ। ਉਸ ਦੀਆਂ ਆਖ਼ਰੀ ਦੋ ਪਤਨੀਆਂ ਨੇ ਲਾਹੌਰ ਵਿੱਚ 6 ਨਵੰਬਰ 1840 ਨੂੰ ਉਸ ਦੇ ਅੰਤਿਮ ਸੰਸਕਾਰ ਮੌਕੇ ਸਤੀ ਕੀਤੀ।

ਆਪਣੇ ਪਿਤਾ ਵਾਂਗ, ਉਸਨੂੰ ਉਸਦੇ ਪਰਿਵਾਰ ਦੀ ਮਾਰਸ਼ਲ ਪਰੰਪਰਾ ਵਿੱਚ ਪਾਲਿਆ ਗਿਆ ਅਤੇ ਕਈ ਤਰ੍ਹਾਂ ਦੀਆਂ ਫੌਜੀ ਮੁਹਿੰਮਾਂ ਲਈ ਨਿਯੁਕਤ ਕੀਤਾ ਗਿਆ। 1834 ਵਿਚ 13 ਸਾਲ ਦੀ ਉਮਰ ਵਿਚ ਉਸਨੇ ਪਿਸ਼ਾਵਰ ਮੁਹਿੰਮ ਵਿਚ ਹਿੱਸਾ ਲਿਆ। ਫਿਰ ਉਸਨੂੰ ਅਟਕ ਖੇਤਰ ਵਿੱਚ ਦੇਸ਼ ਦਾ ਪ੍ਰਬੰਧ ਚਲਾਉਣ ਲਈ ਨਿਯੁਕਤ ਕੀਤਾ ਗਿਆ ਸੀ। ਉਸੇ ਸਾਲ, ਪੇਸ਼ਾਵਰ ਪ੍ਰਾਂਤ ਨੇ ਉਸ ਨੂੰ 12,00,000 ਰੁਪਏ ਦੀ ਸਾਲਾਨਾ ਅਦਾਇਗੀ ਲਈ ਫਾਰਮ ਦਿੱਤਾ ਸੀ। 1835 ਵਿੱਚ, ਉਸਨੇ ਡੇਰਾਜਤ ਅਤੇ ਤੋਰਿਕ ਵਿੱਚ ਇੱਕ ਬਗਾਵਤ ਨੂੰ ਦਬਾ ਦਿੱਤਾ।

1836 ਵਿੱਚ, ਉਹ ਤਾਲਪੁਰੀਆਂ ਦੇ ਅਮੀਰਾਂ ਦਾ ਮੁਕਾਬਲਾ ਕਰਨ ਲਈ ਆਪਣੇ ਪਿਤਾ ਦੇ ਨਾਲ ਸਿੰਧ ਦੀਆਂ ਸਰਹੱਦਾਂ ਵੱਲ ਗਿਆ। ਉਸਨੇ ਅਪ੍ਰੈਲ 1839 ਵਿੱਚ ਖ਼ੈਬਰ ਦੀਆਂ ਕਾਰਵਾਈਆਂ ਵਿੱਚ ਹਿੱਸਾ ਲਿਆ, ਉਸਨੇ ਇੱਕ ਸਿੱਖ ਫੌਜ ਦੀ ਕਮਾਂਡ ਕੀਤੀ ਜੋ ਕਿ ਕਰਨਲ ਵੇਡ ਦੀ ਟੁਕੜੀ ਨੂੰ ਖ਼ੈਬਰ ਦੱਰੇ ਦੇ ਪਾਰ ਪੰਜਾਬ ਤੋਂ ਕਾਬੁਲ ਤੱਕ ਦੇ ਮਾਰਚ ਵਿੱਚ ਸਹਾਇਤਾ ਕਰਨ ਲਈ ਪਿਸ਼ਾਵਰ ਵੱਲ ਵਧੀ।

1837 ਵਿੱਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਉਸਨੂੰ ਕੌਕਾਬ-ਏ-ਇਕਬਾਲ-ਏ-ਪੰਜਾਬ ਨਾਲ ਸਨਮਾਨਿਤ ਕੀਤਾ ਗਿਆ ਸੀ। ਆਪਣੇ ਪਿਤਾ ਦੇ ਸਵਰਗਵਾਸ ਹੋਣ 'ਤੇ ਉਹ ਸਰਕਾਰ-ਏ-ਖਾਲਸਾ ਦਾ ਟਿੱਕਾ ਕੰਵਰ (ਕ੍ਰਾਊਨ ਪ੍ਰਿੰਸ) ਬਣ ਗਿਆ। ਨੌਨਿਹਾਲ ਦਾ ਪਾਲਣ-ਪੋਸ਼ਣ ਲਾਹੌਰ ਵਿੱਚ ਅਦਾਲਤੀ ਰਾਜਨੀਤੀ ਤੋਂ ਬਾਹਰ ਹੋਇਆ ਸੀ, ਹਾਲਾਂਕਿ ਅਠਾਰਾਂ ਸਾਲ ਦੀ ਉਮਰ ਵਿੱਚ, ਅਤੇ ਆਪਣੇ ਪਿਤਾ ਦੀ ਅਸਮਰੱਥਾ ਕਾਰਨ ਉਹ ਲਾਹੌਰ ਵਾਪਸ ਆ ਗਿਆ। ਉਸ ਨੂੰ ਵਜ਼ੀਰ ਧਿਆਨ ਸਿੰਘ ਡੋਗਰਾ ਦੇ ਨਿਰਦੇਸ਼ਨ ਹੇਠ ਆਪਣੇ ਪਿਤਾ ਦੇ ਨਾਂ 'ਤੇ ਰਾਜ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਜਦੋਂ ਖੜਕ ਸਿੰਘ ਗੰਭੀਰ ਰੂਪ ਵਿੱਚ ਬਿਮਾਰ ਹੋ ਗਿਆ, ਤਾਂ ਅਦਾਲਤ ਦੇ ਡਾਕਟਰ ਜੋਹਾਨ ਮਾਰਟਿਨ ਹੋਨਿਗਬਰਗਰ ਨੇ ਨੋਟ ਕੀਤਾ ਕਿ ਉਸਦੇ ਪਿਤਾ ਨੇ ਉਸਨੂੰ ਹਰ ਰੋਜ਼ ਉਸਨੂੰ ਮਿਲਣ ਲਈ ਬੇਨਤੀ ਕਰਨ ਦੇ ਬਾਵਜੂਦ, ਨੌਨਿਹਾਲ ਘੱਟ ਹੀ ਆਪਣੇ ਪਿਤਾ ਨੂੰ ਮਿਲਣ ਜਾਂਦਾ ਸੀ। ਨੌਨਿਹਾਲ ਸ਼ਾਹੀ ਦਰਬਾਰੀਆਂ ਅਤੇ ਆਮ ਲੋਕਾਂ ਵਿੱਚ ਪ੍ਰਸਿੱਧ ਸੀ, ਅਤੇ ਬਾਅਦ ਵਾਲੇ ਦੀ ਬਿਮਾਰੀ ਦੌਰਾਨ ਆਪਣੇ ਪਿਤਾ ਦੇ ਇੱਕ ਯੋਗ ਉੱਤਰਾਧਿਕਾਰੀ ਵਜੋਂ ਦੇਖਿਆ ਗਿਆ ਸੀ। 5 ਨਵੰਬਰ 1840 ਨੂੰ ਖੜਕ ਸਿੰਘ ਦੀ ਮੌਤ ਤੋਂ ਬਾਅਦ, ਨੌਨਿਹਾਲ ਨੇ ਲਾਹੌਰ ਵਿੱਚ ਰਾਵੀ ਦਰਿਆ ਦੇ ਕੋਲ ਉਸਦਾ ਅੰਤਿਮ ਸੰਸਕਾਰ ਕੀਤਾ। ਰਸਮ ਤੋਂ ਬਾਅਦ, ਉਹ ਹਜ਼ੂਰੀ ਬਾਗ ਰਾਹੀਂ ਮਹਿਲ ਵੱਲ ਪਰਤਣਾ ਸ਼ੁਰੂ ਕਰ ਦਿੱਤਾ, ਜਿੱਥੇ ਇੱਕ ਗੇਟ ਤੋਂ ਪੱਥਰ ਦਾ ਇੱਕ ਵੱਡਾ ਬਲਾਕ ਉਸ ਉੱਤੇ ਅਤੇ ਉਸ ਦੇ ਦੋ ਸਾਥੀਆਂ ਉੱਤੇ ਡਿੱਗ ਪਿਆ। ਇੱਕ ਸਾਥੀ - ਊਧਮ ਸਿੰਘ (ਧਿਆਨ ਸਿੰਘ ਦਾ ਭਤੀਜਾ) ਨੇ ਉਸਦੀ ਗਰਦਨ ਤੋੜ ਦਿੱਤੀ ਅਤੇ ਮੌਕੇ 'ਤੇ ਹੀ ਮੌਤ ਹੋ ਗਈ।

ਅਲੈਗਜ਼ੈਂਡਰ ਗਾਰਡਨਰ ਦੇ ਅਨੁਸਾਰ, ਜੋ ਕਿ ਘਟਨਾ ਵਾਪਰਨ ਵੇਲੇ ਨੌਨਿਹਾਲ ਤੋਂ ਸਿਰਫ ਕੁਝ ਕਦਮ ਪਿੱਛੇ ਸੀ, ਰਾਜਕੁਮਾਰ ਨੂੰ ਇਸ ਘਟਨਾ ਦੇ ਦੌਰਾਨ ਸਿਰਫ ਮਾਮੂਲੀ ਸੱਟਾਂ ਹੀ ਲੱਗੀਆਂ ਸਨ: ਉਹ ਆਪਣੇ ਆਪ ਤੁਰਨ ਲਈ ਕਾਫ਼ੀ ਠੀਕ ਸੀ, ਅਤੇ ਸਿਰਫ ਇਸ ਲਈ ਸਟ੍ਰੈਚਰ 'ਤੇ ਲਿਜਾਣ ਲਈ ਸਹਿਮਤ ਹੋ ਗਿਆ ਸੀ। ਗਾਰਡਨਰ ਦੀ ਜ਼ਿੱਦ। ਹਾਲਾਂਕਿ, ਜਦੋਂ ਅਦਾਲਤ ਦਾ ਡਾਕਟਰ ਜੋਹਾਨ ਮਾਰਟਿਨ ਹੋਨਿਗਬਰਗਰ ਇੱਕ ਤੰਬੂ ਵਿੱਚ ਨੌਨਿਹਾਲ ਵਿੱਚ ਹਾਜ਼ਰੀ ਭਰਨ ਲਈ ਆਇਆ, ਤਾਂ ਉਸਨੇ ਦੇਖਿਆ ਕਿ ਰਾਜਕੁਮਾਰ ਦੀ ਖੋਪੜੀ ਨੂੰ ਕੁਚਲਿਆ ਗਿਆ ਸੀ, ਅਤੇ ਬੈੱਡਸ਼ੀਟ ਖੂਨ ਅਤੇ ਦਿਮਾਗ ਦੇ ਟਿਸ਼ੂ ਨਾਲ ਢਕੀ ਹੋਈ ਸੀ। ਧਿਆਨ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਸ਼ਹਿਜ਼ਾਦਾ ਨੂੰ ਇਹ ਸੱਟਾਂ ਹਜ਼ੂਰੀ ਬਾਗ ਵਿੱਚ ਹੋਏ ਕਥਿਤ ਹਾਦਸੇ ਦੌਰਾਨ ਲੱਗੀਆਂ ਸਨ। ਘੰਟਾ ਬਾਅਦ ਨੌਨਿਹਾਲ ਦੀ ਮੌਤ ਹੋ ਗਈ, ਹਾਲਾਂਕਿ ਦਰਬਾਰੀਆਂ ਨੇ ਦਹਿਸ਼ਤ ਤੋਂ ਬਚਣ ਦੀ ਕੋਸ਼ਿਸ਼ ਵਿੱਚ ਤਿੰਨ ਦਿਨ ਬਾਅਦ ਤੱਕ ਇਸ ਖ਼ਬਰ ਨੂੰ ਜਨਤਕ ਨਹੀਂ ਕੀਤਾ। ਗਾਰਡਨਰ ਦੇ ਅਨੁਸਾਰ, ਪੰਜ ਤੋਪਖਾਨੇ ਵਾਲੇ ਨੌਨਿਹਾਲ ਨੂੰ ਹਜ਼ੂਰੀ ਬਾਗ ਤੋਂ ਤੰਬੂ ਤੱਕ ਲੈ ਗਏ ਸਨ: ਇਹਨਾਂ ਵਿੱਚੋਂ ਦੋ ਆਦਮੀਆਂ ਦੀ ਰਹੱਸਮਈ ਹਾਲਤਾਂ ਵਿੱਚ ਮੌਤ ਹੋ ਗਈ, ਦੋ ਛੁੱਟੀ 'ਤੇ ਚਲੇ ਗਏ ਅਤੇ ਕਦੇ ਵੀ ਸੇਵਾ ਵਿੱਚ ਦੁਬਾਰਾ ਸ਼ਾਮਲ ਨਹੀਂ ਹੋਏ, ਅਤੇ ਇੱਕ ਬਿਨਾਂ ਕਿਸੇ ਵਿਆਖਿਆ ਦੇ ਗਾਇਬ ਹੋ ਗਿਆ। ਪੰਜਾਬ ਚੀਫ਼ਜ਼ ਵਿਚ ਗ੍ਰਿਫ਼ਿਨ ਕਹਿੰਦਾ ਹੈ, "ਸ਼ਹਿਜ਼ਾਦੇ ਦੀ ਮੌਤ ਦੇ ਬਿਸਤਰੇ ਨੂੰ ਢੱਕਣ ਵਾਲੇ ਰਹੱਸ ਦਾ ਇਕੋ ਇਕ ਕਾਰਨ ਇਹ ਸੀ ਕਿ ਧਿਆਨ ਸਿੰਘ ਨੇ ਸ਼ੇਰ ਸਿੰਘ ਦੇ ਆਉਣ ਤੱਕ ਘਾਤਕ ਖ਼ਬਰਾਂ ਨੂੰ ਆਮ ਤੌਰ 'ਤੇ ਜਾਣੇ ਜਾਣ ਤੋਂ ਬਚਣ ਲਈ ਲੋੜ ਮਹਿਸੂਸ ਕੀਤੀ ਸੀ। ਇੱਕ ਸੰਗਠਿਤ ਸਾਜਿਸ਼ ਸੀ, ਰਾਜਾ ਇਸ ਗੱਲ ਦਾ ਧਿਆਨ ਰੱਖਦਾ ਸੀ ਕਿ ਸ਼ੇਰ ਸਿੰਘ ਦੀ ਤਬਾਹੀ ਦੇ ਸਮੇਂ ਲਾਹੌਰ ਵਿੱਚ ਮੌਜੂਦ ਹੋਣਾ ਚਾਹੀਦਾ ਸੀ।

ਸਮਕਾਲੀ ਅੰਗਰੇਜ਼ੀ ਰਾਜਨੀਤਿਕ ਪੱਤਰ-ਵਿਹਾਰ, ਜੋ ਕਿ ਦਰਬਾਰ ਦੀਆਂ ਸਭ ਤੋਂ ਮਾਮੂਲੀ ਘਟਨਾਵਾਂ ਦਾ ਵੀ ਵੇਰਵਾ ਦਿੰਦਾ ਹੈ, ਜੰਮੂ ਰਾਜਿਆਂ ਬਾਰੇ ਕਿਸੇ ਵੀ ਤਿਮਾਹੀ ਵਿਚ ਕਿਸੇ ਵੀ ਸ਼ੰਕੇ ਦਾ ਹਵਾਲਾ ਨਹੀਂ ਦਿੰਦਾ। ਇਹ ਦਾਅਵਾ ਕੀਤਾ ਗਿਆ ਹੈ ਕਿ ਜਿੱਥੋਂ ਤੱਕ ਸਮਕਾਲੀ ਯੂਰਪੀਅਨ ਲੇਖਕ ਜਾਂਦੇ ਹਨ, ਜੰਮੂ ਦੇ ਰਾਜਿਆਂ, ਖਾਸ ਕਰਕੇ ਧਿਆਨ ਸਿੰਘ ਨੂੰ ਉਸ ਦੇ ਯੂਰਪੀ-ਵਿਰੋਧੀ ਰਵੱਈਏ ਕਾਰਨ ਨਿੰਦਣਾ ਉਨ੍ਹਾਂ ਦੀ ਅਧਿਐਨ ਕੀਤੀ ਨੀਤੀ ਸੀ ਜਿਸ ਨੂੰ ਉਸਨੇ ਆਪਣੇ ਪੂਰੇ ਕੈਰੀਅਰ ਵਿੱਚ ਨਿਰੰਤਰ ਬਣਾਈ ਰੱਖਿਆ। 'ਹਾਦਸੇ' ਦੇ ਮਾਮਲੇ ਦੀ ਜਾਂਚ ਕਰਨ 'ਤੇ, ਜੇ.ਐਮ. ਹੋਨਿਗਬਰਗਰ ਨੇ "ਇਹ ਮੰਨਣ ਦਾ ਹੋਰ ਕਾਰਨ ਲੱਭਿਆ ਕਿ ਕੁਰਕ ਸਿੰਘ ਅਤੇ ਚੇਤ ਸਿੰਘ ਦੇ ਪੱਖਪਾਤੀ ਰਾਜਕੁਮਾਰ ਦੇ ਵਿਰੁੱਧ ਇਸ ਸਾਜ਼ਿਸ਼ ਦੇ ਲੇਖਕ ਸਨ, ਕਿਉਂਕਿ ਉਹ ਉਹਨਾਂ ਤੋਂ ਉਹਨਾਂ ਦਾ ਲੇਖਾ ਮੰਗਣ ਦਾ ਇਰਾਦਾ ਰੱਖਦਾ ਸੀ। ਆਪਣੇ ਪਿਤਾ ਦੀ ਲੰਬੀ ਬਿਮਾਰੀ ਦੇ ਦੌਰਾਨ ਬੇਵਕੂਫੀ ਵਾਲਾ ਵਿਵਹਾਰ... ਉਸਨੇ (ਰਾਜਕੁਮਾਰ) ਉਨ੍ਹਾਂ ਦੇ ਸੱਤ ਘਰਾਂ ਨੂੰ ਬੰਦ ਕਰਨ ਅਤੇ ਪੁੱਛਗਿੱਛ ਕਰਨ ਦਾ ਹੁਕਮ ਦਿੱਤਾ" ਨੌਨਿਹਾਲ ਦਾ ਸਸਕਾਰ 6 ਨਵੰਬਰ 1840 ਨੂੰ 19 ਸਾਲ ਦੀ ਉਮਰ ਵਿੱਚ ਕੀਤਾ ਗਿਆ ਸੀ। ਉਸ ਦੀ ਮਾਤਾ ਮਹਾਰਾਣੀ ਚੰਦ ਕੌਰ ਮਲਿਕਾ ਮੁਕੱਦਸਾ (ਬੇਦਾਗ ਮਹਾਰਾਣੀ) ਦਾ ਖਿਤਾਬ ਧਾਰਨ ਕਰਕੇ ਸਿੱਖ ਸਾਮਰਾਜ ਦੀ ਮਹਾਰਾਣੀ ਬਣ ਗਈ ਸੀ। ਉਸ ਨੂੰ 11 ਜੂਨ 1842 ਨੂੰ ਉਸ ਦੇ ਨੌਕਰਾਂ ਦੁਆਰਾ ਲੱਕੜੀ ਦੇ ਛਿੱਟਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। ਨੌਨਿਹਾਲ ਦੀ ਮੌਤ ਤੋਂ ਬਾਅਦ, ਇੱਕ ਅਦਾਲਤੀ ਧੜੇ ਨੇ ਉਸਦੇ ਚਾਚਾ ਸ਼ੇਰ ਸਿੰਘ ਨੂੰ ਸਹੀ ਵਾਰਸ ਘੋਸ਼ਿਤ ਕੀਤਾ, ਜਦੋਂ ਕਿ ਦੂਜੇ ਨੇ ਉਸਦੀ ਮਾਤਾ ਚੰਦ ਕੌਰ ਨੂੰ ਹਾਕਮ ਘੋਸ਼ਿਤ ਕੀਤਾ। ਚੰਦ ਕੌਰ ਦਾ ਸਮਰਥਨ ਕਰਨ ਵਾਲੇ ਧੜੇ ਨੂੰ ਉਮੀਦ ਸੀ ਕਿ ਨੌਨਿਹਾਲ ਦੀ ਗਰਭਵਤੀ ਪਤਨੀ ਇੱਕ ਪੁੱਤਰ ਨੂੰ ਜਨਮ ਦੇਵੇਗੀ। ਹਾਲਾਂਕਿ, ਵਿਧਵਾ ਨੇ ਛੇ ਮਹੀਨਿਆਂ ਬਾਅਦ ਇੱਕ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ, ਅਤੇ ਸ਼ੇਰ ਸਿੰਘ ਨੇ 70,000 ਦੀ ਫੌਜ ਨਾਲ ਲਾਹੌਰ ਨੂੰ ਘੇਰ ਲਿਆ। ਅੰਤ ਵਿੱਚ, ਚੰਦ ਕੌਰ ਇੱਕ ਖੁੱਲ੍ਹੇ ਦਿਲ ਨਾਲ ਸਮਝੌਤੇ ਅਤੇ ਸੁਰੱਖਿਅਤ ਰਸਤੇ ਦੇ ਬਦਲੇ ਸ਼ੇਰ ਸਿੰਘ ਦੇ ਗੱਦੀ ਲਈ ਦਾਅਵੇ ਨੂੰ ਮੰਨਣ ਲਈ ਸਹਿਮਤ ਹੋ ਗਈ, ਅਤੇ ਸ਼ੇਰ ਸਿੰਘ ਨੂੰ 18 ਜਨਵਰੀ 1841 ਨੂੰ ਤਾਜ ਪਹਿਨਾਇਆ ਗਿਆ। ਕੁਝ ਮਹੀਨਿਆਂ ਬਾਅਦ, 11 ਜੂਨ 1842 ਨੂੰ, ਚੰਦ ਕੌਰ ਦੀਆਂ ਨੌਕਰਾਣੀਆਂ ਨੇ ਉਸਦੀ ਖੋਪੜੀ ਨੂੰ ਕੁਚਲ ਕੇ ਉਸਨੂੰ ਮਾਰ ਦਿੱਤਾ, ਜਿਵੇਂ ਉਸਦਾ ਪੁੱਤਰ ਮਰ ਗਿਆ ਸੀ। ਪ੍ਰਧਾਨ ਮੰਤਰੀ ਧਿਆਨ ਸਿੰਘ ਦੁਆਰਾ ਸਜ਼ਾ ਦਿੰਦੇ ਹੋਏ, ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਹਨਾਂ ਨੇ ਸ਼ੇਰ ਸਿੰਘ ਦੇ ਹੁਕਮਾਂ 'ਤੇ ਚੰਦ ਕੌਰ ਨੂੰ ਮਾਰਿਆ ਸੀ।

ਜਦੋਂ ਨੌਨਿਹਾਲ ਸਿੰਘ ਨੂੰ ਸਿੱਖ ਸਾਮਰਾਜ ਦਾ ਮਹਾਰਾਜਾ ਐਲਾਨਿਆ ਗਿਆ ਤਾਂ ਉਸਨੇ ਕਨ੍ਹਈਆ ਮਿਸਲ ਵਿੱਚੋਂ ਆਪਣੇ ਚਚੇਰੇ ਭਰਾ ਦੇ ਪੁੱਤਰ ਭਗਵਾਨ ਸਿੰਘ ਨੂੰ ਗੋਦ ਲਿਆ। ਹਵਾਲੇ ਦੀ ਲੋੜ ਹੈ| ਉਸਦੀ ਦੂਜੀ ਪਤਨੀ, ਸਾਹਿਬ ਕੌਰ ਉਸਦੀ ਮੌਤ ਦੇ ਸਮੇਂ ਗਰਭਵਤੀ ਸੀ ਅਤੇ ਮਰਨ ਉਪਰੰਤ ਉਹਨਾਂ ਦੇ ਪੁੱਤਰ, ਜਵਾਹਰ ਸਿੰਘ ਨੂੰ ਜਨਮ ਦਿੱਤਾ, ਜੋ ਇੱਕ ਮਰਿਆ ਹੋਇਆ ਸੀ। ਇਹ ਦੋਸ਼ ਹੈ ਕਿ ਉਹ ਆਪਣੀ ਗਰਭ ਅਵਸਥਾ ਨੂੰ ਖਤਮ ਕਰਨ ਦੇ ਇਰਾਦੇ ਨਾਲ ਤਿਆਰ ਸੀ। ਸੋਹਣ ਲਾਲ ਸੂਰੀ ਨੇ ਦਾਅਵਾ ਕੀਤਾ ਕਿ ਸ਼ੇਰ ਸਿੰਘ ਨੇ ਨੌਨਿਹਾਲ ਸਿੰਘ ਦੀਆਂ ਪਤਨੀਆਂ ਨੂੰ ਉਨ੍ਹਾਂ ਦੀਆਂ ਗਰਭ-ਅਵਸਥਾਵਾਂ ਨੂੰ ਖਤਮ ਕਰਨ ਲਈ ਦਵਾਈਆਂ ਦਿੱਤੀਆਂ।